# ਸਿਰ ਜੋਗੀ ਛਾਂ

**ਲੇਖਕ ਦੀਆਂ ਹੋਰ ਕਿਤਾਬਾਂ**

- ✡ ਖ਼ਿਆਲ ਖ਼ੁਸ਼ਬੋ ਜਿਹਾ (ਗ਼ਜ਼ਲ ਸੰਗ੍ਰਹਿ)
- ✡ ਬੱਚਿਆਂ ਲਈ ਤਿੰਨ ਪੁਸਤਕਾਂ

# ਸਿਰ ਜੋਗੀ ਛਾਂ

ਬੂਟਾ ਸਿੰਘ ਚੌਹਾਨ

*Poetry/Punjabi Poetry/Ghazals*

**SIR JOGGI CHHAAN**

*Ghazals by*

**Boota Singh Chohan**

Shahid Bhaght Singh Nagar, BARNALA (Punjab)

Mob : 98143-80749

2007

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

Type Setting & Design PCIS

Printed & bound at Jai Offset Printers, Chandigarh

Ph:0172-2640382

*© 2007*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਡਾ. ਭੁਪਿੰਦਰ ਸਿੰਘ ਬੇਦੀ ਦੇ ਨਾਂਅ...

# ਮੇਰੀ ਨਜ਼ਰ 'ਚ

ਜਾਪਾਨੀ ਹਾਇਕੋ (Haiku) ਹੋਵੇ ਜਾਂ ਪਸ਼ਤੋ ਦਾ ਪਟਾ, ਭਾਰਤ ਦਾ ਦੋਹਾ ਹੋਵੇ ਜਾਂ ਮੱਧ-ਏਸ਼ੀਆ ਦੀ ਗ਼ਜ਼ਲ, One line poetry ਏਸ਼ੀਆ ਦੀ ਪ੍ਰੰਪਰਾ ਰਹੀ ਹੈ, ਰਹੇਗੀ ਤੇ ਹੈ।

ਨਸਰੀ-ਕਾਵਿ ਦੇ ਵਜੂਦ ਵਿਚ ਆਉਣ ਨਾਲ ਲੋਕਾਂ ਦਾ ਕਵਿਤਾ ਨਾਲੋਂ ਨਾਤਾ ਟੁੱਟ ਗਿਆ ਸੀ (ਟੁੱਟ ਵੀ ਰਿਹਾ ਹੈ) ਪਰ ਗ਼ਜ਼ਲ ਤੇ ਗੀਤ ਨੇ ਇਹ ਨਾਤਾ ਫੇਰ ਲੋਕਾਂ ਨਾਲ ਕਾਇਮ ਕਰ ਲਿਆ ਹੈ।

ਗ਼ਜ਼ਲ ਇਕ ਅਜਿਹੀ ਵਿਧਾ ਹੈ, ਜੋ ਕੈਮਰੇ ਵਾਂਗ ਇਕੋ ਸਮੇਂ ਇਕ ਹੀ ਚਿਹਰੇ ਦੇ ਕਈ ਰੁਖ਼ ਵਿਖਾ ਸਕਦੀ ਹੈ। ਗ਼ਜ਼ਲ ਦੀ ਦੂਸਰੀ ਖ਼ੂਬੀ ਹੈ ਇਸ ਵਿਚਲੀ ਪੈਰਾਡੌਕਸੀਕਲ (Paradoxical) ਵਿਧੀ, ਜੋ ਇਸਨੂੰ ਕਵਿਤਾ ਤੋਂ ਵਖਰਿਆਉਂਦੀ ਹੈ। ਸੰਗੀਤ, ਸਰਲਤਾ, ਰਵਾਨੀ, ਤੁਗ਼ਜ਼ਲ ਆਦਿ ਇਸਦੇ ਹੋਰ ਗੁਣ ਹਨ।

ਫ਼ਾਰਸੀ ਤੇ ਉਰਦੂ ਤੋਂ ਪਿੱਛੋਂ ਪੰਜਾਬੀ ਭਾਸ਼ਾ ਹੀ ਇਕ ਅਜਿਹੀ ਭਾਸ਼ਾ ਹੈ, ਜਿਸ ਵਿਚ ਗ਼ਜ਼ਲ ਸਭ ਤੋਂ ਵੱਧ ਮਕਬੂਲ ਹੋਈ ਹੈ। ਪੰਜਾਬੀ ਵਿਚ ਗਿਣਾਤਮਕ ਪੱਖੋਂ ਭਾਵੇਂ ਗ਼ਜ਼ਲ ਨੇ ਬੜੀ ਤਰੱਕੀ ਕੀਤੀ ਹੈ ਪਰ ਗੁਣਾਤਮਕ ਪੱਖੋਂ ਅਜੇ ਪੰਜਾਬੀ ਸ਼ਾਇਰਾਂ ਦੀ ਭੂਮਿਕਾ ਤਸੱਲੀਬਖ਼ਸ਼ ਨਹੀਂ।

ਇਸ ਪਿੜ ਵਿਚ ਬੂਟਾ ਸਿੰਘ ਚੌਹਾਨ ਅਸਲੋਂ ਹੀ ਨਵਾਂ ਚਿਹਰਾ ਹੈ ਪਰ ਉਸਦੀਆਂ ਗ਼ਜ਼ਲਾਂ ਵਿਚ ਇਕ ਅਨੁਭਵੀ, ਚਤੁਰ ਤੇ ਪਰੌਢ ਕਵੀ ਦੇ ਨਕਸ਼ ਵਿਖਾਈ ਦੇ ਰਹੇ ਹਨ। ਨਹੀਂ ਤਾਂ ਅਜਿਹੇ ਸ਼ਿਅਰ ਇਕ ਸਾਧਾਰਨ ਕਵੀ ਨਹੀਂ ਕਹਿ ਸਕਦਾ।

ਵਫ਼ਾ ਕਰਨੀ ਕਿਸੇ ਦੇ ਨਾਲ ਜੇਕਰ
ਤਾਂ ਸਿੱਖ ਬਿਰਖ਼ਾਂ ਅਤੇ ਕਬਰਾਂ ਤੋਂ ਜਾ ਕੇ

ਸੌਂ ਜਾਣ ਪਿੱਛੋਂ ਵੀ ਉਹ
ਥੋੜੇ 'ਤੇ ਰਹੇਗੀ
ਏਨਾ ਯਕੀਨ ਛਾਂ 'ਤੇ
ਭੁੱਲ ਕੇ ਕਦੇ ਨਾ ਕਰਨਾ

ਘਾਟ ਤੇਰੀ ਦਾ ਹੀ ਇਹ ਪ੍ਰਤੀਕ ਹੈ
ਮਨ 'ਚ ਇਕ ਕੰਢੇ ਜਿਹੇ ਦਾ ਰੜਕਣਾ

ਪਤਾ ਨਹੀਂ ਕਿਉਂ ਮੈਂ three-Dimensional ਸ਼ੇਅਰਾਂ ਨੂੰ ਹੀ ਉੱਚ-ਪਾਏ ਦੇ ਸ਼ਿਅਰ ਕਿਉਂ ਸਮਝਦਾ ਹਾਂ। Four-Dimensional ਕਾਵਿ ਅੱਗੇ ਤਾਂ ਮੇਰਾ ਸਿਰ ਝੁਕ ਜਾਂਦਾ ਹੈ। ਇਕ ਪਰਤੇ ਸ਼ੇਅਰ ਜਾਂ ਕਾਵਿ-ਰਚਨਾ ਮੈਨੂੰ ਸ਼ਾਜ਼ੋ-ਨਾਦਰ ਭਾਵ ਕਦੇ-ਕਦਾਈਂ ਹੀ ਪਸੰਦ ਆਉਂਦੀ ਹੈ।

ਬੂਟਾ ਸਿੰਘ ਚੌਹਾਨ ਦੀਆਂ ਗ਼ਜ਼ਲਾਂ ਵਿਚ ਬਹੁ-ਪਰਤੇ ਸ਼ਿਅਰਾਂ ਦਾ ਉੱਕਾ ਹੀ ਅਭਾਵ ਤਾਂ ਨਹੀਂ ਪਰ ਅਜਿਹੇ ਸ਼ਿਅਰਾਂ ਦੀ ਗਿਣਤੀ ਜ਼ਿਆਦਾ ਤਸੱਲੀਬਖ਼ਸ਼ ਵੀ ਨਹੀਂ। ਇਹ ਗੁਣ ਉਮਰ-ਪਾ ਕੇ ਤਜ਼ਰਬੇ ਨਾਲ ਜ਼ਰੂਰ ਉਸਦੀਆਂ ਗ਼ਜ਼ਲਾਂ ਵਿਚ ਆ ਜਾਵੇਗਾ। ਇਸਦਾ ਮੈਨੂੰ ਪੂਰਨ ਵਿਸ਼ਵਾਸ ਹੈ ਤੇ ਚੌਹਾਨ ਵੀ ਇਸ ਤੋਂ ਭਲੀ-ਭਾਂਤ ਆਸ਼ਨਾ ਹੈ।

ਸਲੀਕਾ, ਸ਼ਾਇਰੀ ਤੇ ਸੂਝ ਜੀਣਾ
ਹਮੇਸ਼ਾ ਆਉਣ ਚਾਰੇ ਵਕਤ ਪਾ ਕੇ

ਮੇਰੇ ਵਿਸ਼ਵਾਸ ਦੀ ਕੰਨੀ ਕਿਸੇ ਕਲਪਨਾ-ਸੰਸਾਰ ਨਾਲ ਬੱਝੀ ਹੋਈ ਨਹੀਂ, ਸਗੋਂ ਮੇਰੇ ਪਾਸ ਇਸਦੀ ਦਲੀਲ ਤੇ ਚੌਹਾਨ ਦੀ ਸ਼ਾਇਰੀ ਵਿਚਲੇ ਅਮਿੱਟ ਹਵਾਲੇ ਹਨ। ਚੌਹਾਨ ਦੀ ਸ਼ਾਇਰੀ ਦਾ ਸੋਮਾ ਜ਼ਿੰਦਗੀ ਦੇ ਹਾਦਸੇ, ਉੜਾਂ-ਥੁੜਾਂ ਤੇ ਇਸ ਦੌਰ ਦੀ ਲੁੱਟ-ਖਸੁੱਟ ਹੈ।

ਰਿਹਾ ਨਾ ਯਾਦ ਹੁਣ ਏਨਾ ਵੀ ਖ਼ੁਦ ਨੂੰ,
ਦਿਲੋਂ ਕਦ ਵੇਖਿਆ ਸੀ ਮੁਸਕਰਾ ਕੇ

ਗ਼ਮੇਂ ਜਾਨਾਂ ਤੇ ਗ਼ਮੇਂ ਦੌਰਾਂ (ਪਰ ਤੇ ਨਿੱਜ) ਦਾ ਮੁਸਬਤ-ਗ਼ਮ ਉਸਦੇ ਭਾਵ-ਜਗਤ, ਅਨੁਭਵ-ਸੰਸਾਰ ਤੇ ਭਾਵ-ਬੋਧ ਨੂੰ ਹੋਰ ਵੀ ਵਿਸ਼ਾਲ ਕਰ ਰਿਹਾ ਹੈ, ਜਿਸ ਕਾਰਨ ਉਸਦੇ ਪ੍ਰਗਟਾ-ਰਾਹੀਂ ਬਹੁ-ਪਰਤੀ ਕਾਵਿ-ਰਚਨਾ ਦਾ ਜਨਮ ਹੋਣਾ ਐਨ ਕੁਦਰਤੀ ਤੇ ਸਹਿਜ ਹੈ।

ਗ਼ਾਲਿਬ ਦੀ ਸ਼ਾਇਰੀ ਦਾ ਇਕ ਪੱਖ ਬੜਾ ਹੀ ਵਿਲੱਖਣ ਹੈ। ਉਹ ਹੈ ਉਸਦੇ ਇਕੋ ਮਿਸਰੇ ਵਿਚ ਵੱਖ-ਵੱਖ ਟੁਕੜਿਆਂ ਦੀ ਨਸ਼ਿਸ਼ਤੋਂ-ਬਰਖ਼ਾਸਤ। ਇਸ ਦੀਆਂ ਵਿਰਲੀਆਂ-ਵਿਰਲੀਆਂ ਝਲਕਾਂ ਚੌਹਾਨ ਦੀਆਂ ਗ਼ਜ਼ਲਾਂ ਵਿਚ ਵੀ ਦ੍ਰਿਸ਼ਟੀਗੋਚਰ ਹਨ। ਜਿਵੇਂ :

ਬਿਰਖ਼ ਹੈ ਨਾ ਨੀਰ ਹੈ
ਦੋਪਹਿਰ ਹੈ ਜਾਂ ਰੇਤ ਹੈ

ਜ਼ਿੰਦਗੀ ਏਥੇ ਲਿਆਊ
ਮੈਂ ਕਦੇ ਸੋਚਿਆ ਨਾ ਸੀ

ਮੀਂਹ ਦੇ, ਛਾਂ ਦੇ, ਠੰਢੀ 'ਵਾ ਦੇ
ਅਰਥ ਓਹੀ ਦੱਸ ਸਕਦਾ
ਜਿਸ ਬੰਦੇ ਦਾ ਜੀਵਨ ਹੋਵੇ
ਤਪਦਾ ਰੇਗਿਸਤਾਨ

ਖ਼ਾਲੀ ਅੰਬਰ, ਖੁਰਦੇ ਕੰਢੇ,
ਪੌਣ 'ਚ ਉਡਦੀ ਰੇਤ
ਇਨ੍ਹਾਂ ਦੀ ਪਹਿਚਾਣ ਅਸੀਂ ਹਾਂ
ਇਹ ਸਾਡੀ ਪਹਿਚਾਣ

ਚੌਹਾਨ ਛੰਦ-ਪ੍ਰਬੰਧ ਦੇ ਪੱਖੋਂ ਵੀ ਬੜਾ ਸੁਚੇਤ ਕਵੀ ਹੈ। ਇਸ ਗੱਲ ਨੇ ਮੈਨੂੰ ਸਭ ਤੋਂ ਵੱਧ ਤਸੱਲੀ ਦਿੱਤੀ ਹੈ। ਹੋਰ ਬਹੁਤ ਕੁਝ ਕਹਿਣਾ ਚਾਹੁੰਦਾ ਸੀ, ਜਿਵੇਂ ਚੌਹਾਨ ਦੇ ਸ਼ਿਅਰਾਂ ਵਿਚ ਮੌਲਿਕਤਾ, ਚੌਹਾਨ ਸੁਜਗ ਕਵੀ ਹੈ, ਚੇਤੰਨ ਹੈ ਆਦਿ ਆਦਿ ਪਰ ਉਸਦਾ ਇਹ ਸ਼ਿਅਰ ਪੜ੍ਹ ਕੇ ਖ਼ਾਮੋਸ਼ ਰਹਿਣਾ ਹੀ ਬਿਹਤਰ ਸਮਝਦਾ ਹਾਂ :

ਪਹਿਲਾਂ ਮੈਨੂੰ ਮੇਰੇ ਦਿਲ ਦੀ
ਗਹਿਰਾਈ ਤੱਕ ਜਾਣ
ਫੇਰ ਤੂੰ ਕੋਈ ਫ਼ਤਵਾ ਦੇਵੀਂ
ਫੇਰ ਤੂੰ ਦੇਵੀਂ ਮਾਣ

ਕਿਉਂਕਿ ਮੈਂ ਉਸਦੇ ਸ਼ਿਅਰਾਂ ਦੀ ਉਂਗਲੀ ਫੜ ਕੇ ਅਜਿਹੀ ਵਾਦੀ ਵਿਚ ਆ ਗਿਆ ਹਾਂ, ਜਿਸ ਮੁਕਾਮ 'ਤੇ ਆ ਕੇ ਫ਼ਤਵਾ ਦਿੱਤਾ ਹੀ ਨਹੀਂ ਜਾ ਸਕਦਾ। ਉਂਝ ਵੀ ਮੈਂ ਪੂਰਨ-ਰੂਪ ਵਿਚ ਉਸਦੇ ਦਿਲ ਦੀ ਗਹਿਰਾਈ ਤੱਕ ਨਹੀਂ ਪੁੱਜਾ ਪਰ ਸ਼ਿਅਰਾਂ ਦੀ ਰੂਹ ਤੱਕ ਜ਼ਰੂਰ ਪੁੱਜਾ ਹਾਂ ਤੇ ਅਜਿਹੇ ਸ਼ਿਅਰਾਂ ਦੀ ਮੈਂ ਪ੍ਰਸ਼ੰਸਾ ਹੀ ਕਰ ਸਕਦਾ ਹਾਂ।

7-7-90 — ਜਗਤਾਰ
ਮਨਾਲੀ (ਹਿ. ਪ੍ਰਦੇਸ਼)

✪

ਦਿਲ ਦੀ ਗਹਿਰਾਈ ’ਚ ਕੋਈ ਏਨਾ ਡੂੰਘਾ ਲਹਿ ਗਿਆ
ਹੁਣ ਤਾਂ ਉਹਨੂੰ ਆਪਣਾ ਕਹਿਣਾ ਹੀ ਬਾਕੀ ਰਹਿ ਗਿਆ

ਬਹੁਤ ਵਾਰੀ ਉਜੜਿਆ ਤੇ ਵਸਿਆ ਹੋਵੇਗਾ ਇਹੇ
ਸੁੱਕੇ ਰੁੱਖ ’ਤੇ ਆਲ੍ਹਣਾ ਪਾ ਕੇ ਜੋ ਪੰਛੀ ਬਹਿ ਗਿਆ

ਵਿੱਚੋ-ਵਿੱਚੀ ਬਹੁਤ ਚਿਰ ਦਾ ਢਹਿ ਰਿਹਾ ਸੀ ਉਹ ਮਕਾਨ
ਲੋਕ ਕਹਿੰਦੇ ਨੇ ਕਿ ਉਹ ਹੁਣ ਬਾਰਿਸ਼ਾਂ ਵਿਚ ਢਹਿ ਗਿਆ

ਜਦ ਤੁਹਾਡੀ ਬਾਤ ਵਿਚ ਸਾਡਾ ਜ਼ਿਕਰ ਕਿਧਰੇ ਨਾ ਸੀ
ਇਸ ਲਈ ਸਾਡਾ ਹੁੰਗਾਰਾ ਚੁੱਪ ਬਣ ਕੇ ਰਹਿ ਗਿਆ

ਮੈਂ ਵਹਿਣ ਹਾਂ, ਮੈਂ ਤੇਰੇ ਬਾਝੋਂ ਵੀ ਵਗਦੇ ਜਾਵਣਾ
ਪੁਲ ਦੇ ਹੇਠੋਂ ਗੁਜ਼ਰਦਾ ਪਾਣੀ ਸੀ ਪੁਲ ਨੂੰ ਕਹਿ ਗਿਆ

✪

ਗਗਨ ਵਿਚ ਉੱਡਣਾ ਸਾਨੂੰ ਸਿਖਾ ਕੇ
ਉਨ੍ਹਾਂ ਨੇ ਰੱਖ ਲਿਆ ਪਿੰਜਰੇ ’ਚ ਪਾ ਕੇ

ਕਦੇ ਨਾ ਸੋਚ ਚੰਗੇ ਆਉਣਗੇ ਦਿਨ
ਕਿਸੇ ਦੀ ਯਾਦ ਵਿਚ ਦੀਵੇ ਜਗਾ ਕੇ

ਕਦੇ ਲੋਆਂ ਦੀ ਜੇ ਤੂੰ ਗੱਲ ਕੀਤੀ
ਕਰੀਂ ਲੋਆਂ ਨੂੰ ਪਿੰਡੇ ’ਤੇ ਹੰਢਾ ਕੇ

ਜਦੋਂ ਤਾਂ ਦੂਰ ਸੀ ਲਗਦੇ ਸੀ ਨੇੜੇ
ਬੜੇ ਹੀ ਦੂਰ ਹਾਂ ਹੁਣ ਕੋਲ ਆ ਕੇ

ਵਫ਼ਾ ਕਰਨੀ ਕਿਸੇ ਦੇ ਨਾਲ ਜੇਕਰ
ਤਾਂ ਸਿੱਖ ਬਿਰਖਾਂ ਅਤੇ ਕਬਰਾਂ ਤੋਂ ਜਾ ਕੇ

ਰਿਹਾ ਨਾ ਯਾਦ ਹੁਣ ਏਨਾ ਵੀ ਖ਼ੁਦ ਨੂੰ
ਦਿਲੋਂ ਕਦ ਵੇਖਿਆ ਸੀ ਮੁਸਕਰਾ ਕੇ

ਗੁਜ਼ਾਰੀ ਜ਼ਿੰਦਗੀ ਅੱਜ ਤੱਕ ਯਾਰੋ
ਬਹਾਰਾਂ ਵਿੱਚ ਵੀ ਪਤਝੜ ਹੰਢਾ ਕੇ

ਸਲੀਕਾ, ਸ਼ਾਇਰੀ ਤੇ ਸੂਝ, ਜੀਣਾ
ਹਮੇਸ਼ਾ ਆਉਣ ਚਾਰੇ ਵਕਤ ਪਾ ਕੇ

✪

ਜਿਹੜੀ ਥਾਂ ਤੇ ਕਿਰਤ ਦਾ ਹੋਵੇ ਹਰ ਪਲ ਛਿਣ ਅਪਮਾਨ
ਓਥੇ ਵੱਡੀ ਗੱਲ ਨਈਂ ਹੋਣਾ ਮਜ਼ਹਬ ਦਾ ਸਨਮਾਨ

ਛਾਤੀ ਅੰਦਰਲੇ ਲੋਹੇ ਨੂੰ ਜਦ ਜੰਗ ਲੱਗ ਜਾਂਦੀ ਹੈ
ਰਣਭੂਮੀ 'ਚੋਂ ਹੌਲੀ-ਹੌਲੀ ਮੁੜ ਆਉਂਦਾ ਇਨਸਾਨ

ਮੇਰੇ ਪਿੰਡ ਦੇ ਬਹੁਤੇ ਲੋਕੀਂ ਖ਼ੁਦ ਪੂਰੇ ਹੋ ਜਾਂਦੇ
ਪਰ ਨਾ ਪੂਰੇ ਹੁੰਦੇ ਦਿਲ ਦੇ ਓਨ੍ਹਾਂ ਦੇ ਅਰਮਾਨ

ਕਾਲ਼ਾ ਧਨ ਦੇ ਕੇ ਚਿੱਟੇ ਪੱਥਰ ਤੇ ਨਾਂ ਲਿਖਵਾਇਐ
ਐਵੇਂ ਸਾਨੂੰ ਲੋਕ ਨੀਂ ਕਹਿੰਦੇ ਦਾਨੀ ਪੁਰਸ਼-ਮਹਾਨ

ਮੀਂਹ ਦੇ, ਛਾਂ ਦੇ, ਠੰਡੀ 'ਵਾ ਦੇ ਅਰਥ ਉਹੀ ਦਸ ਸਕਦਾ
ਜਿਸ ਬੰਦੇ ਦਾ ਜੀਵਨ ਹੋਵੇ ਤਪਦਾ ਰੇਗਿਸਤਾਨ

✪

ਛਾਂ ਦੀ ਉਮਰਾ ’ਚ ਲੋਅ ਸਹਾਰ ਰਹੇ
ਕਿਹੜੇ ਜਨਮਾਂ ਦਾ ਕਰਜ਼ ਉਤਾਰ ਰਹੇ

ਵਕਤ ਆਪੇ ਸਿਖਾ ਦਵੇ ਜੀਣਾ
ਵਕਤ ਥੀਂ ਹੋਂਵਦਾ ਦੋ ਚਾਰ ਰਹੇ

ਮਹਿਕ ਵੰਡੀ ਮੈਂ ਜਦ ਵੀ ਵੰਡੀ ਹੈ
ਮੇਰੇ ਦਮਨ ’ਚ ਭਾਵੇਂ ਖ਼ਾਰ ਰਹੇ

ਏਸ ਜੰਗਲ ਦਾ ਹਰ ਬਿਰਖ ਸੋਚੇ
ਸਿਰਫ਼ ਮੇਰੇ ’ਤੇ ਹੀ ਬਹਾਰ ਰਹੇ

ਬੈਠ ਜਾਵੋ ਜੇ ਤੁਰ ਨਹੀਂ ਹੁੰਦਾ
ਖ਼ਾਰ ਰਾਹਾਂ ’ਚ ਕਿਉਂ ਖਿਲਾਰ ਰਹੇ

✪

ਕਿਹੋ ਜਾ ਸਮੇਂ ਦਾ ਵਹਿਣ ਹੋ ਗਿਆ ਹੈ
ਜਰਾ ਵੀ ਨਾ ਹੁਣ ਏਹ ਸੋਚੇ ਵਿਚਾਰੇ
ਇਨ੍ਹੇ ਜਦ ਵੀ ਡੋਬੇ ਨੇ ਫੁਲ ਹੀ ਨੇ ਡੋਬੇ
ਇਨ੍ਹੇ ਜਦ ਵੀ ਤਾਰੇ ਨੇ ਪੱਥਰ ਹੀ ਤਾਰੇ

ਗ਼ਿਲਾ ਨਾ ਕੋਈ ਵੀ ਤੇਰੇ 'ਤੇ ਰਿਹਾ ਹੈ
ਸ਼ਕਲ ਤੱਕ ਤੇਰੀ ਵੀ ਮੈਂ ਭੁੱਲ ਗਿਆ ਹਾਂ
ਭੁਲਾਇਆਂ ਵੀ ਭੁੱਲੇ ਨਾ ਉਹ ਲੋਕ ਮੈਨੂੰ
ਕਜ਼ਾ ਦੀ ਬਜਾਏ ਜੋ ਰੋਜ਼ੀ ਨੇ ਮਾਰੇ

ਮੇਰੇ ਜੀਣ ਦਾ ਅਰਥ ਏਹੋ ਰਿਹਾ ਹੈ
ਮੈਂ ਜੋ ਕੁਝ ਵੀ ਤੱਕਿਆ ਹੈ, ਓਹੀ ਕਿਹਾ ਹੈ
ਇਸੇ ਲਈ ਪਿਆ ਹੈ ਮੇਰਾ ਨਾਮ ਸ਼ੀਸ਼ਾ
ਇਸੇ ਲਈ ਨਿਗੁਣਿਆਂ ਦੇ ਪੱਥਰ ਸਹਾਰੇ

ਤੂੰ ਨਾ ਜਿਉਂ ਸਕੇਂਗਾ, ਤੂੰ ਨਾ ਮਰ ਸਕੇਂਗਾ
ਤੂੰ ਪੱਥਰ ਏਂ ਪੱਥਰ ਦਾ ਪੱਥਰ ਰਹੇਂਗਾ
ਕਿਸੇ ਦੇ ਵੀ ਦੋ ਬੋਲ ਤੈਨੂੰ ਨਾ ਟੁੰਬੇ
ਹਮੇਸ਼ਾ ਹੀ ਹਉਮੇਂ 'ਚ ਤੂੰ ਦਿਨ ਗੁਜ਼ਾਰੇ

ਬੜੇ ਲੋਕ ਆਵਣ, ਬੜੇ ਲੋਕ ਜਾਵਣ
ਬੜੀ ਭੀੜ ਰਹਿੰਦੀ ਹੈ ਸਾਗਰ ਦੁਆਲੇ
ਸਦਾ ਉਹਦੇ ਹਿੱਸੇ 'ਚ ਆਉਂਦੇ ਨੇ ਮੋਤੀ
ਡੂੰਘੇਰੇ ਜੋ ਵਹਿਣਾਂ 'ਚ ਖ਼ੁਦ ਨੂੰ ਉਤਾਰੇ

ਮੈਂ ਮੰਨਦਾਂ ਤੇਰੀ ਜਾਨ ਔਖੀ ਬੜੀ ਹੈ
ਤੇਰੀ ਜ਼ਿੰਦਗੀ ਮੌਤ ਦੇ ਦਰ ਖੜ੍ਹੀ ਹੈ
ਖ਼ਫ਼ਾ ਹਾਂ ਮੈਂ ਤੇਰੇ 'ਤੇ ਇਸ ਲਈ ਕਿ ਹੁਣ ਤਕ
ਤੂੰ ਜੋ ਬੋਲ ਮਾਰੇ ਨੇ ਕਾਤਲ ਨੂੰ ਮਾਰੇ

ਕੰਵਲ ਦਾ ਮੈਂ ਫੁੱਲ ਹਾਂ, ਨਾ ਪੁੱਛ ਥੌਹ ਠਿਕਾਣਾ
ਤੇਰੇ ਤੋਂ ਮੇਰੇ ਤੱਕ ਪੁੱਜਿਆ ਨੀ ਜਾਣਾ
ਕਿ ਲਹਿਰਾਂ ਦੇ ਹੱਥਾਂ 'ਚ ਹੈ ਡੋਰ ਮੇਰੀ
ਕਦੇ ਇਸ ਕਿਨਾਰੇ, ਕਦੇ ਉਸ ਕਿਨਾਰੇ

✪

ਜੱਗ ਦਾ ਨਾ ਵੈਣ ਕੋਈ ਮਾਤਮ ਦੀ ’ਵਾ ’ਚ ਤਰਨਾ
ਆਪੇ ਦੀ ਨੈਂ ’ਚ ਡੁੱਬ ਕੇ ਤੂੰ ਜਿਉਂਦੇ ਜੀਅ ਨਾ ਮਰਨਾ

ਸੌਂ ਜਾਣ ਪਿੱਛੋਂ ਵੀ ਉਹ, ਤੇਰੇ ’ਤੇ ਹੀ ਰਹੇਗੀ
ਏਨਾ ਯਕੀਨ ਛਾਂ ਤੇ ਭੁੱਲ ਕੇ ਕਦੇ ਨਾ ਕਰਨਾ

ਕਿੱਥੋਂ ਦੀ ਹੈ ਸਿਆਣਫ਼, ਉਲਟੀ ਹੈ ਰੀਤ ਏਹੇ
ਘਰ ਵਿਚ ਹਨੇਰ ਕਰਕੇ ਕਬਰੀਂ ਚਿਰਾਗ਼ ਧਰਨਾ

ਫੁੱਟੇ ਨੇ ਪੱਤ ਕੂਲ਼ੇ, ਲੱਗਣਗੇ ਫੁੱਲ ਸੂਹੇ
ਲੇਕਿਨ ਖ਼ਿਜ਼ਾ ’ਚ ਪਹਿਲਾਂ ਮੈਨੂੰ ਪਿਆ ਸੀ ਖੜ੍ਹਨਾ

ਸੂਰਜ ਤੇ ਆਦਮੀ ਦੀ ਹੋਣੀ ’ਚ ਫ਼ਰਕ ਏਹੋ
ਸੂਰਜ ਨੂੰ ਪੈਂਦਾ ਡੁੱਬਣਾ ਤੇ ਆਦਮੀ ਨੂੰ ਮਰਨਾ

✪

ਪਹਿਲਾਂ ਮੈਨੂੰ ਮੇਰੇ ਦਿਲ ਦੀ ਗਹਿਰਾਈ ਤੱਕ ਜਾਣ
ਫੇਰ ਤੂੰ ਕੋਈ ਫ਼ਤਵਾ ਦੇਈਂ, ਫੇਰ ਤੂੰ ਦੇਈਂ ਮਾਣ

ਖਾਲੀ ਅੰਬਰ, ਖੁਰਦੇ ਕੰਢੇ, ਪੌਣ ’ਚ ਉਡਦੀ ਰੇਤਾ
ਏਨ੍ਹਾ ਦੀ ਪਹਿਚਾਣ ਅਸੀਂ ਹਾਂ ਇਹ ਸਾਡੀ ਪਹਿਚਾਣ

ਓਨਾਂ ਲਈ ਤਲਵਾਰਾਂ ਹਨ ਜੋ ਫੁੱਲਾਂ ਵਰਗੇ ਕੋਮਲ
ਫੁੱਲ ਬਣਦੇ ਨੇ ਦੁੱਖ ਉਨ੍ਹਾਂ ਲਈ ਜੋ ਲੈਂਦੇ ਹਿੱਕ ਤਾਣ

ਖੜ੍ਹੇ ਰਹਿਣ ਵਿਚ ਹੀ ਉਸ ਵੇਲੇ ਸੌ ਸਿਆਣਫ ਹੁੰਦੀ
ਚਾਰ–ਚੁਫ਼ੇਰੇ ਨਜ਼ਰ ਮਾਰਿਆਂ ਦਿਸੇ ਜਦੋਂ ਢਲਾਣ

ਅਪਣਾ ਜੀ ਪਰਚਾਵਣ ਖ਼ਾਤਰ ਸੱਥ ’ਚ ਬੈਠੇ ਲੋਕੀ
ਵੱਢਣੋ ਪਹਿਲਾਂ ਖਾਧੀ ਹੋਈ ਫ਼ਸਲ ਸਲਾਹੀ ਜਾਣ

✪

ਚਾਰ-ਚੁਫ਼ੇਰੇ ਜਦ ਵੀ ਵੇਖਾਂ ਸੋਚਾਂ ਤੇ ਘਬਰਾਵਾਂ
ਪੱਥਰਾਂ ਦੇ ਵਿਚ ਵਸਦਾ-ਵਸਦਾ ਪੱਥਰ ਨਾ ਹੋ ਜਾਵਾਂ

ਸਿੱਕਿਆਂ ਦੀ ਇਸ ਦੌੜ 'ਚ ਮੈਂ ਵੀ ਸ਼ਾਮਿਲ ਹੋ ਜਾਣਾ ਸੀ
ਜੇ ਨਾ ਮੁੱਖ ਤੇ ਲਿਖਿਆ ਹੁੰਦਾ ਸਿਵਿਆਂ ਦਾ ਸਿਰਨਾਵਾਂ

ਹਰ ਇਕ ਫੁੱਲ ਦੀ ਇੱਛਾ ਹੁੰਦੀ ਮਹਿਕਣ ਦੇ ਵੇਲੇ ਇਹ
ਆਪਣੀਆਂ ਮਹਿਕਾਂ ਨੂੰ ਚੌਂਹੇਂ ਕੂਟਾਂ ਵਿਚ ਖਿੰਡਾਵਾਂ

ਅੱਜ ਅਚਾਨਕ ਮੋਹ ਵਿਚ ਭਿੱਜਿਆ ਤੇਰਾ ਖ਼ਤ ਆਇਆ ਹੈ
ਲੋਆਂ ਦੇ ਵਿਚ ਸੜਦੇ ਰੁੱਖ 'ਤੇ ਆਈਆਂ ਸੀਤ ਹਵਾਵਾਂ

ਅਪਣੇ ਸ਼ਹਿਰ ਦੇ ਬਾਰੇ ਤੈਨੂੰ ਹੋਰ ਕੀ ਬਹੁਤਾ ਦੱਸਾਂ
ਮੋਹ ਦੀਆਂ ਤੰਦਾਂ ਤੋੜ-ਤੋੜ ਕੇ ਸਿਰਜਣ ਲੋਕ ਗੁਫ਼ਾਵਾਂ

ਨੈਣਾਂ ਦੇ ਵਿਚ ਡੁੱਬਣ ਵਾਲੇ ਮਿਲਦੇ ਲੋਕ ਹਜ਼ਾਰਾਂ
ਦਿਲ ਤੱਕ ਪੁੱਜਣ ਵਾਲਾ ਮਿਲਦਾ ਕੋਈ ਟਾਵਾਂ-ਟਾਵਾਂ

ਇਹ ਵੱਖਰੀ ਗੱਲ ਹੈ ਕਿ ਨਾ ਉਹ ਸਾਡੇ ਹਿੱਸੇ ਆਈਆਂ
ਤੇਰੇ ਸ਼ਹਿਰ 'ਚ ਬਹੁਤ ਹੀ ਉਂਜ ਤਾਂ ਮਾਵਾਂ ਵਰਗੀਆਂ ਛਾਵਾਂ

ਸਿਵੇ ਦੇ ਅੰਦਰ, ਇਕ ਨਹੀਂ, ਦੋ ਸੜਕੇ ਸੁਆਹ ਹੁੰਦੇ ਨੇ
ਇਕ ਬੰਦੇ ਦਾ, ਦੂਜਾ, ਨਾਲ ਸੜੇ ਰੁੱਖ ਦਾ ਪ੍ਰਛਾਵਾਂ

✪

ਤਾਰਿਆਂ ਸੰਗ ਘਰ ਸਜਾਇਆ ਦੋਸਤਾ ਮਹਿਬੂਬ ਨੇ
ਆਪ ਹੀ ਖੰਡਰ ਬਣਾਇਆ ਦੋਸਤਾ ਮਹਿਬੂਬ ਨੇ

ਚਾਨਣੀ ਨੂੰ ਨੇਰ੍ਹ ਕਹਿ ਕੇ, ਨੇਰ੍ਹ ਨੂੰ ਕਹਿ ਚਾਨਣੀ
ਮਾਰਿਆ ਮੌਸਮ ਤਿਹਾਇਆ ਦੋਸਤਾ ਮਹਿਬੂਬ ਨੇ

ਮੇਰਿਆਂ ਨੈਣਾਂ ਲਈ ਥਲ ਦੀ ਤਿਹਾਈ ਰੇਤ ਬਣ
ਵਹਿਣ ਆਪੇ ਨੂੰ ਬਣਾਇਆ ਦੋਸਤਾ ਮਹਿਬੂਬ ਨੇ

ਜਾਮ ਹੱਥੋਂ ਥਿੜਕਿਆ ਨਾ ਹੋਸ਼ ਤੱਕ ਮੈਨੂੰ ਰਹੀ
ਪੈਰ ਜਦ ਖਾਬਾਂ 'ਚ ਪਾਇਆ ਦੋਸਤਾ ਮਹਿਬੂਬ ਨੇ

ਸੌਕਣਾਂ ਵਾਂਗੂੰ ਬਹਾਰਾਂ ਲੰਘਦੀਆਂ ਨੇ ਕੋਲ ਦੀ
ਦਰਦ ਦਾ 'ਬੂਟਾ' ਜੋ ਲਾਇਆ ਦੋਸਤਾ ਮਹਿਬੂਬ ਨੇ

✪

ਸ਼ਰਬਤ ਵਰਗੇ ਬੋਲਾਂ ਦੇ ਵਿਚ ਆਪ ਕੁੜੱਤਣ ਘੋਲ
ਓਹੀ ਮੈਨੂੰ ਆਖ ਰਹੇ ਨੇ ਕੌੜੇ ਬੋਲ ਨਾ ਬੋਲ

ਓਨਾ ਚਿਰ ਹਰ ਸ਼ਹਿਰ ਗਿਰਾਂ ਤੇ ਨੇਰ੍ਹਾ ਰਾਜ ਕਰੇਗਾ
ਜਦ ਤਕ ਚਾਨਣ ਰਹਿਣੇ ਏਥੇ ਸੁੱਤੇ ਤੇ ਅਣਭੋਲ

ਹੋ ਸਕਦਾ ਹੈ ਮਰਦੇ ਦਮ ਤੱਕ ਉਸ ਲੀਹ ’ਤੇ ਨਾ ਆਵੇ
ਬੰਦਾ ਜੇਕਰ ਤੁਰਦਾ-ਤੁਰਦਾ ਕੇਰਾਂ ਜਾਵੇ ਡੋਲ

ਫੇਰ ਪਤਾ ਲੱਗੇਗਾ ਤੈਨੂੰ ਜਿਉਣਾ ਸੱਚ ਕਿ ਝੂਠ
ਤੇਜ਼ ਤੂਫ਼ਾਨ ’ਚ ਪਰਬਤ ਵਾਂਗੂੰ ਖੜ੍ਹ ਕੇ ਵੇਖ ਅਡੋਲ

ਤੇਰੀ ਸਾਲ-ਗਿਰਾ ’ਤੇ ਮੈਂ ਇਕ ਕਵਿਤਾ ਪੜ੍ਹ ਦੇਵਾਂਗਾ
ਇਸ ਤੋਂ ਵਧ ਕੀ ਹੋ ਸਕਦਾ ਹੈ ਇਕ ਸ਼ਾਇਰ ਦੇ ਕੋਲ

✪

ਅਸਾਡੇ ਖ਼ਾਬ ਹੀ ਸਨ ਜਾਣਾ ਹੈ ਇਕ ਦਿਨ ਸਵੇਰੇ ਤੱਕ
ਅਸੀਂ ਸੀਮਤ ਰਹੇ ਉਂਜ ਘਰਦੀਆਂ ਕੰਧਾਂ ਦੇ ਘੇਰੇ ਤੱਕ

ਬੜੀ ਹੀ ਸਾਂਝ ਹੁੰਦੀ ਹੈ ਸ਼ਰਾਫ਼ਤ ਨਾਲ ਦੁੱਖਾਂ ਦੀ
ਤਦੇ ਹੀ ਆਉਂਦੇ ਨੇ ਏਹੇ ਸਦਾ ਫੱਕਰਾਂ ਦੇ ਡੇਰੇ ਤੱਕ

ਖ਼ੁਸ਼ੀ ਸੁਖ-ਚੈਨ ਤਾਂ ਸਾਡੇ ਹੀ ਖੇਤਾਂ ’ਚੋਂ ਉਗਮਦੇ ਨੇ
ਕੀ ਕਰੀਏ ਬੇ-ਗੁਰੇ ਪੁੱਜ ਜਾਣ ਧਨੀਆਂ ਦੇ ਬਸੇਰੇ ਤੱਕ

ਹਕੀਕਤ ਬੇ-ਨਜ਼ਰ ਕਰਨੀ ਲਹੂ ਨਿੱਤ ਆਪਣਾ ਪੀਣਾ
ਸਫ਼ਰ ਹੈ ਦੋਸਤੋ ਏਹੇ ਹਨੇਰੇ ਤੋਂ ਹਨੇਰੇ ਤੱਕ

ਮੇਰੇ ਜੀਵਨ ’ਚ ਏਨਾ ਦਖ਼ਲ ਹੈ ਤੇਰੇ ਸੁਹੱਪਣ ਦਾ
ਮੈਂ ਹਰ ਸ਼ੈ ਲੋੜਦਾ ਤੇਰੇ ਜਿਹੀ ਅਕਸਰ ਚੁਫ਼ੇਰੇ ਤੱਕ

✪

ਉਸਾਰਨ ਦਾ ਸਿਲਾ ਦੇਵਣ ਲਈ ਹਰ ਘਰ ਦੀਆਂ ਕੰਧਾਂ
ਕਦੇ ਨੇ ਤਪਦੀਆਂ ਕੰਧਾਂ ਕਦੇ ਨੇ ਠਰਦੀਆਂ ਕੰਧਾਂ

ਪਹਿਲ ਛੱਤ ਨੇ ਕਰੀ ਸੀ ਆਪ ਹੀ ਜਦ ਸਾਂਝ ਤੋੜਨ ਦੀ
ਬਿਨਾਂ ਡਿੱਗਣ ਦੇ ਯਾਰੋ ਹੋਰ ਕੀ ਫਿਰ ਕਰਦੀਆਂ ਕੰਧਾਂ

ਖ਼ੁਸ਼ੀ ਆਵੇ ਤਾਂ ਖ਼ੁਸ਼ ਨੇ ਇਹ ਗ਼ਮੀ ਆਵੇ ਤਾਂ ਨੇ ਗ਼ਮਗੀਨ
ਜੋ ਕੁਝ ਵੀ ਘਰ ’ਚ ਆਉਂਦਾ ਹੈ ਉਹੋ ਹੀ ਵਰਦੀਆਂ ਕੰਧਾਂ

ਜਦੋਂ ਪਾਣੀ ਦੇ ਵਾਂਗੂੰ ਇਕ ਅਸੀਂ ਹੋ ਜਾਣ ਦੀ ਸੋਚੀ
ਵਿਚਾਲੇ ਆਣ ਖੜ੍ਹੀਆਂ ਸੀ ਜ਼ਮਾਨੇ ਭਰ ਦੀਆਂ ਕੰਧਾਂ

ਤੇਰੀ ਦਾਅਵਤ ਦੀ ਹਰ ਸ਼ੈ ’ਚੋਂ ਦਿਸਣ ਮੈਨੂੰ ਮਿਰੇ ਪੁਰਖ਼ੇ
ਜਿਨ੍ਹਾਂ ਦੇ ਤਨ ਤੇ ਉੱਸਰੀਆਂ ਤੇਰੇ ਸਭ ਘਰ ਦੀਆਂ ਕੰਧਾਂ

✪

ਜਿਧਰ ਵੀ ਦੇਖੋ ਨਾ ਦਿਸਦੇ
ਗ਼ਰਜ਼ਾਂ ਦੇ ਵਿਚ ਬੱਝੇ ਰਿਸ਼ਤੇ

ਹੇਠ ਇਨ੍ਹਾਂ ਦੇ ਗਾਰ ਬੜੀ ਹੈ
ਪਾਣੀ ਉੱਤੋਂ ਨਿਰਮਲ ਦਿਸਦੇ

ਗੀਤ ਬਣੇਂ ਤਾਂ ਐਸਾ ਯਾਰੋ
ਸੁਣਕੇ ਜਿਸਨੂੰ ਪੱਥਰ ਪਿਘਲੇ

ਬਹੁਤ ਨੇ ਹੁਣ ਤੱਕ ਮਿੱਟੀ ਹੋਏ
ਫਿਰ ਵੀ ਇਹ ਮਨ ਸੁਪਨੇ ਸਿਰਜੇ

ਇਹ ਵੀ ਕੈਸਾ ਮੇਲ ਹੈ ਲਗਦਾ
ਹੁਣ ਵੀ ਵਿਛੜੇ, ਹੁਣ ਵੀ ਵਿਛੜੇ

✪

ਉਨ੍ਹਾਂ ਬਿਰਖਾਂ ਦੇ ਬਾਰੇ ਵੀ ਕਦੇ ਕੁਝ ਸੋਚਿਆ ਜਾਵੇ
ਖ਼ਿਜਾਂ ਬਣ ਕੇ ਜਿਨ੍ਹਾਂ ਵਲ ਨੂੰ ਹਮੇਸ਼ਾ ਹਰ ਹਵਾ ਜਾਵੇ

ਚੁਗਿਰਦੇ ਦੀ ਸਿਆਣਫ ਇਸ ਜਗਾ ਤੇ ਆਣ ਪਹੁੰਚੀ ਹੈ
ਜਿਹੋ ਜੇਹਾ ਸਮਾਂ ਹੋਵੇ ਉਵੇਂ ਹੀ ਹੋ ਲਿਆ ਜਾਵੇ

ਬੁਝੇ ਹੋਏ ਉਹ ਦੀਵੇ ਨੂੰ ਕਦੇ ਬੁਝਿਆ ਨਹੀਂ ਕਹਿੰਦੇ
ਕਿਸੇ ਇਕ ਭਟਕਦੇ ਰਾਹੀ ਨੂੰ ਵੀ ਜੇ ਰਾਹ ਦਿਖਾ ਜਾਵੇ

ਦੁਰੇਡੇ ਜਾਣ ਦੀ ਵੀ ਰੀਝ ਰੱਖਣਾ ਪਰ ਨਾ ਇਹ ਭੁਲਣਾ
ਹਵਾ ਦੇ ਆਉਣ ਤੱਕ ਮਹਿਕਣ ਦਾ ਨਾ ਹਰ ਛਿਣ ਵਿਹਾ ਜਾਵੇ

ਮੁਹੱਬਤ ਦੇ ਬਿਰਛ ਦਾ ਇਕ ਵੀ ਪੱਤਾ ਨਹੀਂ ਝੜਦਾ
ਕਦੇ ਜੇ ਲਾਉਣ ਵਾਲੇ ਦਾ ਦਿਲੋਂ ਅਹਿਸਾਸ ਨਾ ਜਾਵੇ

✪

ਸ਼ਾਮ ਹੋਈ ਪੰਛੀਆਂ ਨੇ ਪਰਤਣਾ
ਫੇਰ ਤੇਰੀ ਯਾਦ ਵਿਚ ਮੈਂ ਤੜਫਣਾ

ਘਾਟ ਤੇਰੀ ਦਾ ਹੀ ਇਕ ਪ੍ਰਤੀਕ ਹੈ
ਮਨ 'ਚ ਇਕ ਕੰਡੇ ਜਿਹੇ ਦਾ ਰੜਕਣਾ

ਔੜ ਦੀ ਇਹ ਸਿਖਰ ਨਈਂ ਤਾਂ ਹੋਰ ਕੀ
ਸੁਪਨਿਆਂ ਵਿਚ ਰੋਜ਼ ਮੀਂਹ ਦਾ ਬਰਸਣਾ

ਕਦ ਕੁ ਤੱਕ ਚੱਲੇਗਾ ਏਹੇ ਸਿਲਸਲਾ
ਮੋਹ ਦੀ ਇਕ ਇਕ ਬੂੰਦ ਖ਼ਾਤਰ ਤਰਸਣਾ

ਹੌਲੀ ਹੌਲੀ ਬਣ ਗਿਆ ਮੇਰਾ ਸੁਭਾਅ
ਚੁੱਪ ਰਹਿਣਾ, ਕੋਸਣਾ ਤੇ ਭਟਕਣਾ

✪

ਪੌਣ ਵਗੀ ਤਾਂ ਕਣ-ਕਣ ਕਰਕੇ ਬਿਖਰ ਗਿਆ
ਸਿੱਲ ਜਿਹਾ ਲਗਦਾ ਸੀ ਰਿਸ਼ਤਾ ਰੇਤ ਜਿਹਾ

ਹੱਥੀਂ ਰੁੰਡ-ਮੁਰੰਡਾ ਕਰਕੇ ਲੋਕਾਂ ਨੇ
ਪਿੱਛੋਂ ਮੈਨੂੰ ਕੁਦਰਤ ਦੀ ਇਕ ਕਿਰਤ ਕਿਹਾ

ਕੋਈ ਰੰਗ ਵੀ ਤੇਰੇ 'ਤੇ ਚੜ੍ਹ ਸਕਦਾ ਹੈ
ਤੇਰਾ ਅਪਣਾ ਕੋਈ ਵੀ ਨਾ ਰੰਗ ਰਿਹਾ

ਬੀਤੇ ਦੇ ਰੁੱਖ ਹੇਠਾਂ ਬਹਿਣਾ ਠੀਕ ਨਹੀਂ
ਛਾਵਾਂ ਵਿਚੋਂ ਵੀ ਆਉਂਦਾ ਹੈ ਸੇਕ ਜਿਹਾ

ਦਿਲ ਦੇ ਪਿੱਛੋਂ ਦੂਰ ਨਿਗਾਹਾਂ ਤੋਂ ਹੋ ਕੇ
ਫੇਰ ਉਹ ਸੁਪਨਾ ਪਿੰਡ ਦੀ ਜੂਹ ਵੀ ਟੱਪ ਗਿਆ

ਬਹੁਤ ਲੰਮੇਰਾ ਤੇ ਕੰਡਿਆਲਾ ਹੁੰਦਾ ਹੈ
ਸੁਪਨੇ ਤੋਂ ਅਸਲੀਅਤ ਤਕ ਦਾ ਜੋ ਰਸਤਾ

ਦਿਲ ਦਰਿਆ ਵਿਚ ਸੱਚ ਕਦੇ ਵੀ ਡੁਬਦਾ ਨੀ
ਕਦੇ ਅਚਾਨਕ ਹੀ ਬੁੱਲ੍ਹਾਂ 'ਤੇ ਜਾਂਦਾ ਆ

ਤੇਰੇ ਤੇ ਮੇਰੇ ਵਿਚਕਾਰ ਕੀ ਫ਼ਰਕ ਰਹੂ
ਮੈਂ ਵੀ ਹਿੱਕ ਲਈ ਜੇ ਪੱਥਰ ਸਿਰਜ ਲਿਆ

ਇੱਕੋ ਰਾਹ 'ਤੇ ਚਲਦੇ ਹੋਏ ਰਾਹੀਆਂ ਦੇ
ਮਕਸਦ ਸਭ ਦੇ ਹੋ ਸਕਦੇ ਨੇ ਜੁਦਾ-ਜੁਦਾ

✪

ਸਰਘੀ ਵੇਲੇ ਸਾਗਰ ’ਚੋਂ ਤਕ ਸੂਰਜ ਦਾ ਲਿਸ਼ਕਾਰਾ
ਯਾਦ ਬਹੁਤ ਆਇਆ ਮੈਨੂੰ ਤੂੰ ਰਹਿ ਰਹਿ ਕੇ ਦਿਲਦਾਰਾ

ਫੁੱਲਾਂ ਦੀ ਖ਼ਾਹਿਸ਼ ਲੈ ਕੇ ਨਾ ਨਗਰ ਅਸਾਡੇ ਆਈਂ
ਜੰਡ, ਕਰੀਰਾਂ, ਮਲ੍ਹਿਆਂ ਵਰਗਾ ਸਾਡਾ ਜੂਨ-ਗੁਜ਼ਾਰਾ

ਐਵੇਂ ਹੀ ਦਿਲ ਭਟਕ ਰਿਹਾ ਸੀ ਇਸ ਕੰਢੇ, ਉਸ ਕੰਢੇ
ਖ਼ਬਰ ਨਹੀਂ ਸੀ ਸਾਗਰ ਹੀ ਹੈ ਕਤਰਾ-ਕਤਰਾ ਖ਼ਾਰਾ

ਏਸ ਮਹਾਂ ਨਗਰੀ ਵਿਚ ਅੱਧੋਂ ਬਹੁਤੀ ਉਮਰ ਬਿਤਾਈ
ਭੁੱਲਿਆ ਨਾ ਪਰ ਫਿਰ ਵੀ ਸਾਨੂੰ ਸਾਡਾ ਤਖ਼ਤ ਹਜ਼ਾਰਾ

ਅਪਣੀ ਸਾਰੀ ਗੱਲ ਕਹਿ ਕੇ ਉਹ ਬਾਤ ਖ਼ਤਮ ਹੁੰਦੀ ਹੈ
ਜਿਹੜੀ ਬਾਤ ਨੂੰ ਮਿਲਦਾ ਰਹਿੰਦਾ ਅੰਤਿਮ ਤੱਕ ਹੁੰਗਾਰਾ

ਮੇਰੇ 'ਕੱਲੇਪਣ ਉੱਤੇ ਖ਼ੁਸ਼ ਹੋਣ ਤੋਂ ਪਹਿਲਾਂ ਸੋਚੋ
ਕਿੰਨੇ ਕੱਖ ਸੁਲਗਾ ਦਿੰਦਾ ਹੈ ਇਕ ਬਲ਼ਦਾ ਅੰਗਿਆਰਾ

ਬਚਪਨ ਵਿਚੋਂ, ਜੋਬਨ ਵਿਚੋਂ ਮੋਹ-ਮਾਇਆ ਦੇ ਵਿੱਚੋਂ
ਲੰਘਦੀ-ਲੰਘਦੀ ਸੁੱਕ ਜਾਂਦੀ ਹੈ ਇਹ ਜੀਵਨ ਦੀ ਧਾਰਾ

ਤੇਰੇ ਘਰ ਜੇ ਚੁੱਲ੍ਹੇ ਦੇ ਵਿਚ ਅੱਗ ਮਸਾਂ ਹੈ ਪੈਂਦੀ
ਸਮਝੀਂ ਨਾ ਕਿ ਚਮਕ ਨਾ ਸਕਦਾ ਤੇਰਾ ਯਾਰ ਸਿਤਾਰਾ

ਸਿੱਕਿਆਂ ਦੀ ਢੇਰੀ ਤੇ ਬੈਠੇ 'ਉਹ' ਕਹਿੰਦੇ ਰਹਿੰਦੇ ਨੇ
ਮੋਹ ਮਾਇਆ ਦੇ ਰਿਸ਼ਤੇ ਨੇ ਸਭ ਝੂਠਾ ਜਗਤ ਪਸਾਰਾ

ਅੱਧ-ਵਿਚਾਲੇ ਸਾਗਰ ਦੇ ਨਿੱਤ ਲੋਕੀਂ ਡੁਬਦੇ-ਡੁਬਦੇ
ਇੱਕ ਦੂਜੇ ਤੋਂ ਪੁਛਦੇ ਰਹਿੰਦੇ ਕਿੰਨੀ ਦੂਰ ਕਿਨਾਰਾ

ਝੱਖੜ ਕੋਲੋਂ ਡਰਦੇ ਪੰਛੀ ਮਾਰ ਉਡਾਰਾਂ ਉੱਡੇ
ਐਪਰ ਬੂਟਾ ਜਾਵੇ ਕਿੱਥੇ ਧਰਤੀ ਛੱਡ ਵਿਚਾਰਾ

ਜਦੋਂ ਸੂਰਜ ਨੂੰ ਢਲ਼ਦਾ ਵੇਖਦਾ ਹਾਂ
ਸਿਵਾ ਸੱਚ ਦਾ ਮੈਂ ਬਲ਼ਦਾ ਵੇਖਦਾ ਹਾਂ

ਤੁਸੀਂ ਅੱਜ ਮੁਸਕਰਾ ਕੇ ਵੇਖਿਆ ਹੈ
ਮੈਂ ਅੱਜ ਪਰਬਤ ਨੂੰ ਹਲਦਾ ਵੇਖਦਾ ਹਾਂ

ਕਿਵੇਂ ਲਾਵਾਂ ਮੈਂ ਕੋਈ ਆਸ ਦਾ ਰੁੱਖ
ਤੇਰੇ ਗੁਲਸ਼ਨ ਨੂੰ ਜਲ਼ਦਾ ਵੇਖਦਾ ਹਾਂ

ਕਿਵੇਂ ਆਖਾਂ ਕਿ ਕੋਈ ਨੂਰ ਵੀ ਹੈ
ਚੁਫ਼ੇਰੇ ਨੇਰ੍ਹ ਫਲ਼ਦਾ ਵੇਖਦਾ ਹਾਂ

ਬੜੇ ਚਿਰ ਬਾਅਦ ਮੈਂ ਕਵਿਤਾ ਕਹੀ ਹੈ
ਖੜ੍ਹੇ ਪਾਣੀ ਨੂੰ ਚਲਦਾ ਵੇਖਦਾ ਹਾਂ

✪

ਸਮੇਂ ਦੇ ਮਾਰਿਆਂ ਦਾ ਹੱਲ ਮੇਰੇ ਸ਼ਹਿਰ ਵੀ ਹੈ
ਉਰ੍ਹੇ ਹੈ ਰੇਲ ਦੀ ਪਟੜੀ ਪਰ੍ਹੇ ਇਕ ਨਹਿਰ ਵੀ ਹੈ

ਸਦਾ ਤੂੰ ਮਾਣੀਆਂ ਸ਼ਾਮਾਂ, ਅਸਾਡਾ ਖ਼ਿਆਲ ਛੱਡ ਤੂੰ
ਅਸਾਡੇ ਪੈਰ ਵੀ ਨੰਗੇ ਸਿਰੀਂ ਦੋਪਹਿਰ ਵੀ ਹੈ

ਥਲਾਂ ਵਿਚ ਚਲਦਿਆਂ ਨੂੰ ਸੰਘਣਾ ਇਕ ਬਿਰਛ ਦਿਸਣਾ
ਸੁਭਾਗੀ ਗੱਲ ਵੀ ਲਗਦੀ ਹੈ ਮਿੱਠੀ ਜ਼ਹਿਰ ਵੀ ਹੈ

ਕਲਾ ਦੀ ਸਿਖ਼ਰ 'ਤੇ ਜਾ ਕੇ ਤੂੰ ਅਪਣੀ ਗੱਲ ਤਾਂ ਕਹਿ,
ਫ਼ਿਕਰ ਨਾ ਕਰ ਅਸਾਡੇ ਮਨ 'ਚ ਉਸ ਲਈ ਠਹਿਰ ਵੀ ਹੈ

ਉਹ ਜਿਹੜੀ ਸ਼ਾਖ਼ ਤੋਂ ਟੁੱਟਿਆ ਹੈ ਕੁਮਲਾਈ ਉਹੋ ਹੀ
ਜਨਾਜ਼ੇ ਨਾਲ ਤੁਰਿਆ ਜਾ ਰਿਹਾ ਉਂਜ ਸ਼ਹਿਰ ਵੀ ਹੈ

✪

ਮੋਹ ਦਿਆਂ ਰਿਸ਼ਤਿਆਂ ਦੀ ਛਾਂ ਸਾਨੂੰ
ਕੁਝ ਨਾ ਦੇਵੇਗੀ ਇਹ ਨਵਾਂ ਸਾਨੂੰ

ਚੈਨ ਦੇ ਪਲ ਹਾਂ ਮਹਿਲਾਂ ਦੇ ਕੈਦੀ
'ਡੀਕਦਾ ਹਰ ਨਗਰ ਗਰਾਂ ਸਾਨੂੰ

ਫਤਵਿਆਂ ਬਾਝ ਏਨ੍ਹੇ ਕੀ ਦੇਣੈ
ਸਮਝਦਾ ਓਪਰੇ ਸਮਾਂ ਸਾਨੂੰ

ਰੋਹੀ ਦੇ ਵਾਂਗ ਬੇ-ਅਬਾਦ ਰਹੂ
ਦੇਈਂ ਨਾ ਕਲਪਨਾ 'ਚ ਥਾਂ ਸਾਨੂੰ

ਟਾਹਣੀਓਂ ਟੁੱਟ ਚੁੱਕੇ ਪੱਤੇ ਹਾਂ
'ਵਾ ਲਿਜਾਵੇਗੀ ਥਾਂ-ਕੁਥਾਂ ਸਾਨੂੰ

✪

ਅੱਧੋਂ ਬਹੁਤੀ ਉਮਰਾ ਬੀਤੀ ਦਿਨ ਡੁੱਬਣ ਤੇ ਆਇਆ ਹੈ
ਹੁਣ ਕੀ ਫ਼ਾਇਦਾ ਸੋਚਣ ਦਾ ਇਹ ਕੀ ਖੋਇਆ ਕੀ ਪਾਇਆ ਹੈ

ਇਹ ਟਿੱਬਿਆਂ ਦੀ ਰੇਤ ਨਹੀਂ ਹੈ ਜੋ ਨਿੱਤ ਘਟਦੀ ਜਾਵੇਗੀ
ਇਹ ਮਿੱਤਰਾਂ ਦਾ ਗ਼ਮ ਹੈ ਜਿਸਨੇ ਹੋਣਾ ਦੂਣ ਸਵਾਇਆ ਹੈ

ਤੂੰ ਵੀ ਅਪਣੇ ਮਨ ਦਾ ਚਿੱਕੜ ਸੁੱਟ ਮੇਰੇ ਤੇ 'ਸੁੱਚਾ' ਹੋ
ਇਸ ਤੋਂ ਪਹਿਲਾਂ ਹੋਰ ਬੜਾ ਕੁਝ ਮੇਰੇ ਮਨ 'ਚ ਆਇਆ ਹੈ

ਅਪਣਾ-ਅਪਣਾ ਰੰਗ ਦੇਵਣਗੇ ਸੱਥ ਦੇ ਸਾਰੇ ਆਗੂ ਇਹ
ਕਿਹੜਾ ਪਾਗਲ ਘਰ ਦਾ ਝਗੜਾ ਸੱਥ 'ਚ ਲੈ ਕੇ ਆਇਆ ਹੈ

ਏਨ੍ਹਾ ਰਾਹਾਂ ਦੀ ਮੈਂ ਯਾਰੋ ਖ਼ਾਕ ਬਥੇਰੀ ਛਾਣ ਲਈ
ਏਨ੍ਹਾ ਰਾਹਾਂ ਦੇ ਵਿਚ ਅਪਣਾ ਮੈਂ ਇਕ ਲਾਲ ਗੁਆਇਆ ਹੈ

ਹੋਂਦ ਮੇਰੀ ਦੇ ਨਾਲ ਜਦੋਂ ਸਨ ਹਰੇ ਰਹੇ ਸਾਰੇ ਪੱਤੇ
ਟੁੱਟਣ ਪਿੱਛੋਂ ਹੀ ਓਨ੍ਹਾਂ ਨੇ ਅਪਣਾ ਰੰਗ ਵਟਾਇਆ ਹੈ

ਤੂੰ ਸਰਵਰ ਦੀ ਲਹਿਰ ਨਿਮਾਣੀ ਪਹੁੰਚ ਤੇਰੀ ਬਸ ਕੰਢੇ ਤੱਕ
ਤੂੰ ਕੀ ਜਾਣੇ ਪਾਣੀ ਬਾਝੋਂ ਕਿੰਨਾ ਜੱਗ ਤਿਹਾਇਆ ਹੈ

ਇਕ ਸ਼ਾਹੀ ਮਹਿਮਾਨ ਦੇ ਪੈਰੀਂ ਇਕੋ ਕੰਡਾ ਪੁੜਿਆ ਸੀ
ਸੁਣਿਆ ਹੈ ਕਿ ਸਾਰੇ ਰੁੱਖ ਨੇ ਉਸਦਾ ਜੋਖ਼ਮ ’ਠਾਇਆ ਹੈ

ਸਿਰ ਉਤਲੀ ਛੱਤ ਡਿੱਗਣ ਦਾ ਵੀ ਕਿੱਡਾ ਸਦਮਾ ਹੁੰਦਾ ਹੈ
ਅੱਜ ਇਕ ਵਿਧਵਾ ਦੇ ਵੈਣਾਂ ਨੇ ਅੰਬਰ ਤੱਕ ਹਿਲਾਇਆ ਹੈ

ਹਰ ਇਕ ਟਾਹਣਾ ਟਾਹਣੀ ਸੁੱਕੇ ਉੱਤੇ ਪੱਤਾ ਇੱਕ ਨਹੀਂ
ਸਾਡੇ ਸਿਰ ਉੱਤੇ ਵੱਡਿਆਂ ਦਾ ਏਸ ਤਰ੍ਹਾਂ ਦਾ ਸਾਇਆ ਹੈ

ਨਿੱਤ ਗੁਰਬਤ ਦੇ ਵਾਣ ਹੋ ਸਹਿੰਦੇ ਫਿਰ ਵੀ ਸੀ ਨਾ ਆਖ ਰਹੇ
ਕਿਹੜੀ ਗੱਲੋਂ ਚੁੱਪ ਦਾ ਜਿੰਦਰਾ ਬੁੱਲ੍ਹਾਂ ਉੱਤੇ ਲਾਇਆ ਹੈ

ਮੈਂ ਤਾਂ ਅਪਣੀ ਦਰਦ ਕਹਾਣੀ ਹਾਲੇ ਮੁੱਖੋਂ ਛੋਹਣੀ ਸੀ
ਚੰਦਰੀ ’ਵਾ ਨੇ ਸ਼ਾਂਤ ਪਏ ਰੇਤੇ ਨੂੰ ਆਣ ਉਡਾਇਆ ਹੈ

ਅੱਗ ਅਤੇ ਪਾਣੀ ਨੂੰ ਅੱਜ ਮੈਂ ਇੱਕੋ ਥਾਂ ਤੇ ਵੇਖ ਲਿਆ
ਦਿਲ ਹੈ ਤੇਰਾ ਪੱਥਰ ਵਰਗਾ ਫੁੱਲਾਂ ਵਰਗੀ ਕਾਇਆ ਹੈ

ਸਾਗਰ ਕੰਢੇ ਖੜ੍ਹ ਕੇ ਮੈਂ ਤਾਂ ਔੜਾਂ ਦੀ ਗੱਲ ਕੀਤੀ ਸੀ
ਸਾਗਰ ਦਾ ਪਾਣੀ ਮੇਰੇ ਵਲ ਉੱਛਲ-ਉੱਛਲ ਆਇਆ ਹੈ

ਮਨ ਦੀ ਮਿੱਟੀ ’ਚੋਂ ਉਪਜੇ ਸਨ ਭਾਵਾਂ ਦੇ ਇਹ ‘ਫੁੱਲ-ਬੂਟੇ’
ਚੰਦਰੀ ਹਉਮੇ ਨੇ ਏਨ੍ਹਾਂ ’ਤੇ ਅਪਣਾ ਹੱਕ ਜਿਤਾਇਆ ਹੈ

ਹਾਲੇ ਮੇਰੇ ਸੁਣਦੇ ਬੋਲਾਂ ਨੂੰ ਹੀ ਤੂੰ ਕਾਫ਼ੀ ਸਮਝੀਂ
ਮੇਰਾ ਆਪਾ ਤੇਰੇ ਰਾਹ ਦੇ ਜੰਗਲ ਨੇ ਉਲਝਾਇਆ ਹੈ

ਜੱਗ ਇਸਨੂੰ ਗ਼ਜ਼ਲਾਂ ਆਖੇਗਾ ਅਸਲ ’ਚ ਮੈਂ ਕੰਢੇ ਵਾਂਗੂੰ
ਮੈਨੂੰ ਜੱਗ ਨੇ ਜੋ ਦਿੱਤਾ ਸੀ ਮੈਂ ਜੱਗ ਨੂੰ ਪਰਤਾਇਆ ਹੈ

✪

ਚੁੱਪ ਵੀ ਇਕ ਸਮੁੰਦਰ ਹੈ
ਲਹਿਰ ਜਿਵ੍ਹੀ ਹਰ ਨਸ਼ਤਰ ਹੈ

ਅਰਥੀ ਸਭ ਨੂੰ ਆਖ ਰਹੀ
ਜੀਵਨ ਰੇਤੇ ਦਾ ਘਰ ਹੈ

ਰੋਵਣ ਦਾ ਵੀ ਕੀ ਫ਼ਾਇਦਾ
ਚਾਰ ਚੁਫ਼ੇਰਾ ਪੱਥਰ ਹੈ

ਅਪਣੇ ਵਰਗਾ ਲਗਦਾ ਹੈ
ਖ਼ਾਲੀ ਖ਼ਾਲੀ ਅੰਬਰ ਹੈ

✪

ਮਜ਼ਹਬ ਤੇ ਜਾਤ-ਪਾਤ ਨੇ ਪਾਏ ਨੇ ਮੋਹ ਦੇ ਕਾਲ
ਉੱਚਾ ਇਨ੍ਹਾ ਤੋਂ ਉੱਠ ਕੇ ਸੋਚੋ ਜ਼ਰਾ ਵਿਸ਼ਾਲ

ਅੰਬਰ ਕਿਸੇ ਇਕ ਦਾ ਵੀ ਜੇ ਹੁੰਦਾ ਨਾ ਕਰਦੇ ਰੋਸ
ਧਰਤੀ ਦਾ ਪਰ ਸਬੰਧ ਹੈ ਢਿੱਡ ਦੀ ਅਗਨ ਦੇ ਨਾਲ

ਓਸੇ ’ਚ ਆਪ ਉਲਝ ਕੇ ਮੰਜ਼ਿਲ ਤੋਂ ਰਹਿਣ ਦੂਰ
ਹੋਰਾਂ ਲਈ ਹਰ ਪੈਰ ਤੇ ਬੁਣਦੇ ਜੋ ਲੋਕ ਜਾਲ

ਤਨ ਦੇ ਸਿਵੇ ’ਚ ਤਪ ਰਹੀ ਹੁੰਦੀ ਉਨ੍ਹਾਂ ਦੀ ਜਾਨ
ਕਰਜ਼ੇ ’ਚ ਹੁੰਦਾ ਜਕੜਿਆ ਜਿਨ੍ਹਾਂ ਦਾ ਵਾਲ-ਵਾਲ

ਕਿਸਨੇ ਹੈ ਕਹਿਣਾ ਆਪਣਾ ਕਿਸਨੇ ਹੈ ਕਰਨਾ ਮਾਣ
ਜੀਵਨ ਅਸਾਡਾ ਦੋਸਤੋ ਫੁੱਲਾਂ ਤੋਂ ਸੱਖਣੀ ਡਾਲ

✪

ਕੰਢਿਆਂ ’ਤੋਂ ਦੀ ਛਲਕਿਆ ਪਾਣੀ
ਬਹੁਤ ਪਾਣੀ ਨੂੰ ਤਰਸਿਆ ਪਾਣੀ

ਮਹਿਕ ਦੇ ਬਾਅਦ ਮੈਨੂੰ ਰੇਤ ਮਿਲੀ
ਮੈਂ ਹਾਂ ਇਕ ਫੁੱਲ ਤੋਂ ਬਿਖਰਿਆ ਪਾਣੀ

ਅੱਕ ਚੁੱਕੇ ਨੇ ਲੋਕ ਸਰਵਰ ਤੋਂ
ਏਸ ਹੱਦ ਤਕ ਗੰਧਲਿਆ ਪਾਣੀ

ਸੋਕਿਆਂ ਤੇ ਹੀ ਜਾ ਕੇ ਮੈਂ ਬਰਸਾਂ
ਕਾਸ਼! ਹੋਵਾਂ ਮੈਂ ਬਰਸਦਾ ਪਾਣੀ

ਰੂਹ, ਬਦਨ, ਹੋਠ, ਖੇਤ, ਮਾਰੂਥਲ
ਮੰਗਦੇ ਨੇ ਜੁਦਾ ਜੁਦਾ ਪਾਣੀ

✪

ਇਸ ਤਰ੍ਹਾਂ ਦਾ ਵਕਤ ਆਊ ਮੈਂ ਕਦੇ ਸੋਚਿਆ ਨਾ ਸੀ
ਰੇਤ ਦੇ ਵਾਂਗੂੰ ਰੁਲਾਊ ਮੈਂ ਕਦੇ ਸੋਚਿਆ ਨਾ ਸੀ

ਖ਼ਾਬ ਵਾਂਗੂੰ ਯਾਦ ਆਊ ਮੁਸਕਰਾਉਣਾ ਆਪਣਾ
ਜਦ ਵੀ ਕੋਈ ਮੁਸਕਰਾਊ ਮੈਂ ਕਦੇ ਸੋਚਿਆ ਨਾ ਸੀ

ਯਾਦ ਆਉਂਦਾ ਹੈ ਜੋ ਮੈਨੂੰ ਹਰ ਘੜੀ ਸਾਹਾਂ ਦੇ ਨਾਲ
ਸ਼ਖ਼ਸ ਉਹ ਮੈਨੂੰ ਭੁਲਾਊ ਮੈਂ ਕਦੇ ਸੋਚਿਆ ਨਾ ਸੀ

ਬਿਰਖ ਹੈ ਨਾ ਨੀਰ ਹੈ ਦੋਪਹਿਰ ਹੈ ਜਾਂ ਰੇਤ ਹੈ
ਜ਼ਿੰਦਗੀ ਏਥੇ ਲਿਆਊ ਮੈਂ ਕਦੇ ਸੋਚਿਆ ਨਾ ਸੀ

ਬੇ-ਖ਼ਬਰ ਦੁਨੀਆ ਤੋਂ ਹੋ ਕੇ ਬੇ-ਖ਼ਬਰ ਆਪੇ ਤੋਂ ਹੋ
ਗੀਤ 'ਬੂਟਾ' ਤੇਰੇ ਗਾਊ ਮੈਂ ਕਦੇ ਸੋਚਿਆ ਨਾ ਸੀ

✪

ਅਕਸਰ ਤੇਰੀ ਯਾਦ ਦਿਵਾਉਂਦੀ ਕਵਿਤਾ, ਮਹਿਕ, ਹਵਾ
ਦਿਲ 'ਚੋਂ ਸੁੱਤੇ ਦਰਦ ਜਗਾਉਂਦੀ ਕਵਿਤਾ, ਮਹਿਕ, ਹਵਾ

ਹਰ ਰਿਸ਼ਤੇ ਦੀ ਰੰਗਤ ਹੀ ਜਦ ਫਿੱਕੀ ਫਿੱਕੀ ਲੱਗੇ
ਓੜਕ ਨੂੰ ਫਿਰ ਸਾਥ ਨਿਭਾਉਂਦੀ ਕਵਿਤਾ, ਮਹਿਕ, ਹਵਾ

ਰਾਹਾਂ ਦੇ ਵਿਚ ਖ਼ਾਰ ਵਿਛਾਵਣ ਵਾਲੇ ਨੇ ਮਰ ਜਾਂਦੇ
ਹਰ ਇਕ ਜੁਗ ਦੇ ਦੌਰ 'ਚ ਜਿਉਂਦੀ ਕਵਿਤਾ, ਮਹਿਕ, ਹਵਾ

ਇਸ ਘਰ ਤਾਈਂ ਘਰ ਨਾ ਆਖੋ ਸੁਰਗ ਕਹੋ ਐ ਯਾਰੋ
ਇਸ ਘਰ ਦੇ ਵਿਚ ਚਲ ਕੇ ਆਉਂਦੀ ਕਵਿਤਾ, ਮਹਿਕ, ਹਵਾ

ਨਾਜ਼ੁਕ ਹੈ, ਕੋਮਲ ਹੈ, ਪਰ ਜੇ ਆਈ ਤੇ ਆ ਜਾਵੇ
ਖ਼ੂਨ 'ਚ ਉਸਰੇ ਮਹਿਲ ਹਿਲਾਉਂਦੀ ਕਵਿਤਾ, ਮਹਿਕ ਹਵਾ

✪

ਤਪਦੀ ਜ਼ਮੀਨ ਉੱਤੇ ਬੰਦਾ ਜਾਂ ਪੈਰ ਧਰਦਾ
ਜੀਵਨ ’ਚ ਆਈ ਛਾਂ ਨੂੰ ਰਹਿ ਰਹਿ ਕੇ ਯਾਦ ਕਰਦਾ

ਪੌਣਾਂ ਦੇ ਸੰਗ ਬੜਾ ਕੁਝ ਵਿਹੜੇ ’ਚ ਆ ਹੀ ਜਾਂਦਾ
ਹੁੰਦਾ ਹੈ ਬਾਰ ਖੁੱਲ੍ਹਾ ਜਿਹੜੇ ਵੀ ਯਾਰ ਘਰ ਦਾ

ਇਕ ਹਾਦਸੇ ਦੇ ਪਿੱਛੋਂ ਕਿੰਨੇ ਹੀ ਹੋਰ ਹੋਏ
ਦਿਲ ਸਹਿਮਦਾ ਹੈ ਹੁਣ ਜੇ ਪੱਤਾ ਵੀ ਕੋਈ ਝੜਦਾ

ਕਾਲਖ਼ ਦਾ ਪੱਖ ਪੂਰੇ ਕਾਲਖ਼ ਦੇ ਉਲਟ ਹੋ ਕੇ
ਚਾਨਣ ਜੋ ਆਪਣੀ ਹੀ ਹਉਮੇ ਦੀ ‘ਮੈਂ’ ’ਚ ਸੜਦਾ

ਅਪਣੇ ਗਰਾਂ ਦੀ ਮਿੱਟੀ ਸ਼ੋਹਰਤ ਤੇ ਮੋਹ-ਮੁਹੱਬਤ
ਜਿਸਨੂੰ ਨਸੀਬ ਹੋਵੇ ਉਮਰਾ ਹੰਢਾ ਕੇ ਮਰਦਾ

ਖ਼ੁਸ਼ਬੂ ਵੀ ਖ਼ੁਸ਼ ਬੜੀ ਸੀ ਪਾਗ਼ਲ ਜਿਹੇ ਦੀ ਜ਼ਿਦ ’ਤੇ
ਉਹ ਵੀ ਜੇ ਖ਼ੁਸ਼ ਬੜਾ ਸੀ ਫੁੱਲਾਂ ਨੂੰ ਵਾੜ ਕਰਦਾ

ਖ਼ੁਸ਼ਬੂ ਮਿਠਾਸ ਦਾ ਇਹ ਸੋਮਾ ਹੈ ਰੂਪ ਤੇਰਾ
ਮੁੱਖ ’ਤੇ ਗੁਲਾਬ ਖਿੜਦੇ ਹੋਠਾਂ ’ਚੋਂ ਸ਼ਹਿਦ ਝਰਦਾ

ਪਰਲੇ ਕਿਨਾਰਿਓਂ ਜੇ ਮੈਨੂੰ ਅਵਾਜ਼ ਮਾਰੇਂ
ਆਵਾਂਗਾ ਕੋਲ ਤੇਰੇ ਅੱਗ ਦੀ ਨਦੀ ਵੀ ਤਰਦਾ

✪

ਜੱਗ-ਦਿਖਾਵੇ ਲਈ ਫੁੱਲ ਵਿਹੜੇ 'ਚ ਲਾ
ਜੂਨ ਕੰਡਿਆਂ ਤੋਂ ਭੈੜੀ ਬਿਤਾਉਂਦੇ ਰਹੇ
ਦਿਲ 'ਚ ਸੜ ਕੇ ਸੁਆਹ ਹੋਏ ਅਰਮਾਨ ਸੀ
ਐਵੇਂ ਫੁੱਲ ਵੇਖ ਕੇ ਮੁਸਕਰਾਉਂਦੇ ਰਹੇ

ਅੱਗ ਨੇ ਜੋ ਝੁਲਸਿਆ ਓਹੋ ਨਿਰਦੋਸ਼ ਸੀ
ਜਿਹੜਾ ਨਾ ਝੁਲਸਿਆ ਓਹਦੇ ਸਿਰ ਦੋਸ਼ ਸੀ
ਕੌਣ ਦੋਸ਼ੀ ਹੈ ਕਿਸਨੂੰ ਇਦ੍ਹੀ ਹੋਸ਼ ਸੀ
ਦੋਸ਼ ਇਕ ਦੂਸਰੇ 'ਤੇ ਲਗਾਉਂਦੇ ਰਹੇ

ਥਲ 'ਚ ਸਿਰ ਜੋਗੀ ਓਨ੍ਹਾਂ ਨੂੰ ਛਾਂ ਕੀ ਮਿਲੀ
ਦੂਰ ਮੰਜ਼ਿਲ ਬੜੀ ਸੋਚ ਕੇ ਸੌਂ ਗਏ
ਜਦ ਉਹ ਜਾਗੇ ਤਾਂ ਤੁਰਨੇ ਦੀ ਹਿੰਮਤ ਨਾ ਸੀ
ਬੈਠੇ ਮੰਜ਼ਿਲ ਨੂੰ ਤਕਦੇ ਤਕਾਉਂਦੇ ਰਹੇ

ਵਿਹੁ ਵੀ ਦਿੱਤੀ ਗਈ ਸੂਲੀ ਟੰਗਿਆ ਗਿਆ
ਲੋਹ ਤੇ ਬਹਿਣਾ ਪਿਆ ਸੀਸ ਦੇਣਾ ਪਿਆ
ਕੰਧੀਂ ਚਿਣਿਆ ਗਿਆ ਫਿਰ ਵੀ ਮਰਿਆ ਨਹੀਂ
ਸੱਚ ਦਾ ਨਗ਼ਮਾ ਸੀ ਲੋਕ ਗਾਉਂਦੇ ਰਹੇ

ਬੈਂਤ ਵਾਂਗੂੰ ਜੋ ਥਾਂ-ਥਾਂ ਨਿਆਉਂਦੇ ਨਹੀਂ
ਸਿਰਫ਼ ਅਪਣੇ ਲਈ ਬਿਰਖ ਲਾਉਂਦੇ ਨਹੀਂ
ਜਾਨ ਦੇਣੋਂ ਨਾ ਝਿਜਕਣ ਜੋ ਇਨਸਾਫ਼ ਲਈ
'ਲੋਕ ਧੜਕਣ' 'ਚ ਓਹੀ ਜਿਉਂਦੇ ਰਹੇ

ਇਸ ਦੁਚਿੱਤੀ 'ਚ ਅਜ਼ਲਾਂ ਤੋਂ 'ਚੌਹਾਨ' ਹੈ
ਸੋਚਦਾ ਹੈ ਇਹ ਘਰ ਜਾਂ ਇਹ ਸ਼ਮਸ਼ਾਨ ਹੈ
ਭੁੱਲੀ ਭਟਕੀ ਵੀ ਆਈ ਨਾ ਜਿਸ ਵਿਚ ਖ਼ੁਸ਼ੀ
ਜਦ ਵੀ ਆਉਂਦੇ ਰਹੇ ਗ਼ਮ ਹੀ ਆਉਂਦੇ ਰਹੇ

✪

ਜਿਨ੍ਹਾਂ ਘੱਲਿਆ ਸੀ ਪੌਣਾਂ ਨੂੰ ਅਗਨ ਭੜਕਾਣ ਦੀ ਖ਼ਾਤਿਰ
ਉਹੀ ਹਮਦਰਦ ਬਣ ਆਏ ਨੇ ਕਾਬੂ ਪਾਣ ਦੀ ਖ਼ਾਤਿਰ

ਜਿਨ੍ਹਾਂ ਦਾ ਸਾਥ ਛੱਡ ਕੇ ਮੈਂ ਇਕੱਲਾ ਪਰਤ ਆਇਆ ਹਾਂ
ਉਹ ਸਭ ਰੰਗ ਵਰਤਦੇ ਰਹਿੰਦੇ ਨੇ ਨਾਂ ਚਮਕਾਣ ਦੀ ਖ਼ਾਤਿਰ

ਪਰਾਏ ਦੇਸ ਵਿਚ ਜਾ ਕੇ ਤੂੰ ਕਾਹਤੋਂ ਬੁੱਤ ਬਣ ਬੈਠਾ
ਚੁਰਾਹੇ ਬਲ਼ ਰਿਹਾ ਮੈਂ ਰਾਹ ਤੇਰਾ ਰੁਸ਼ਨਾਣ ਦੀ ਖ਼ਾਤਿਰ

ਹਸ਼ਰ ਸਾਡੇ ਖ਼ੁਆਬਾਂ ਦਾ ਸਦਾ ਏਦਾਂ ਹੀ ਹੋਇਆ ਹੈ
ਜਿਵੇਂ ਕਿੱਕਰਾਂ ਨੂੰ ਫੁੱਲ ਲਗਦੇ ਸਦਾ ਝੜ ਜਾਣ ਦੀ ਖ਼ਾਤਿਰ

ਜਦੋਂ ਮੈਂ ਬੋਲਦਾਂ ਤਾਂ ਸੋਚਦਾਂ ਮੇਰੀ ਹੀ ਬੋਲੀ ਹੈ
ਮੈਂ ਵੱਖਰੀ ਗੱਲ ਕਰਦਾਂ ਵੱਖਰੀ ਪਹਿਚਾਣ ਦੀ ਖ਼ਾਤਿਰ

✪

ਆਤਮਾ ਬੋਲਣੋ ਰਹੀ ਨਾ ਸੀ
ਜਿਸ ਜਗ੍ਹਾ ਗ਼ਲਤ ਸੀ ਸਹੀ ਨਾ ਸੀ

ਆਪਣੇ ਘਰ ਤੋਂ ਹਰ ਘਰੇ ਤੱਕਿਆ
ਰੋਸ਼ਨੀ ਤਾਂ ਸੀ ਇਕ ਜਹੀ ਨਾ ਸੀ

ਮੈਂ ਸੀ ਸਿਰਜਕ ਨਦੀ ਦਾ ਮੇਰੇ ਲਈ
ਬੂੰਦ ਵੀ ਓਸਦੀ ਵਹੀ ਨਾ ਸੀ

ਮਹਿਕ ਤਾਂ ਦੂਰ ਵੀ ਜਾ ਸਕਦੀ ਸੀ
ਪੌਣ ਦਾ ਰੁਖ਼ ਹੀ ਕੁੱਝ ਸਹੀ ਨਾ ਸੀ

ਚੁੱਪ ਰਹਿਣਾ ਹੀ ਸਮਝਦਾਰੀ ਸੀ
ਕੋਈ ਜੇ ਗੱਲ ਅਣ-ਕਹੀ ਨਾ ਸੀ

✪

ਗਲੀ ਗਲੀ ਵਿਚ ਤੇਰੀ 'ਚਰਚਾ' ਆਮ ਸਹੀ
ਨਿਰਮਲ ਤਾਂ ਹਾਂ ਚਾਹੇ ਮੈਂ ਬੇ-ਨਾਮ ਸਹੀ

ਕੁਝ ਰਿਸ਼ਤੇ ਨੇ ਜਿਨ੍ਹਾਂ ਖ਼ਾਤਰ ਜੀਵਾਂਗਾ
ਜੀਵਨ ਚਾਹੇ ਵਿਹੁ ਦਾ ਭਰਿਆ ਜਾਮ ਸਹੀ

ਸਿੱਕਿਆਂ ਦੀ ਢੇਰੀ 'ਤੇ ਖੜ੍ਹ ਕੇ ਲਾਏਂਗਾ
ਹੋ ਜਾਵੇਗਾ ਤੇਰਾ ਹਰ ਇਲਜ਼ਾਮ ਸਹੀ

ਜੋ ਆਖਣ ਲਈ ਆਇਆਂ ਕਹਿ ਕੇ ਜਾਵਾਂਗਾ
ਜੋ ਵੀ ਹੋਣੈ ਹੋ ਜਾਵੇ ਅੰਜਾਮ ਸਹੀ

ਮੇਰੀ ਰੂਹ ਦੀ ਤਰਜ਼ਬਿਆਨੀ ਕਰਦੀ ਹੈ
ਤਨਹਾਈ ਵਿਚ ਡੁੱਬੀ ਹੋਈ ਸ਼ਾਮ ਸਹੀ

ਲੰਬੇ ਲੰਬੇ ਨੇ ਪਲ ਰੁੱਖੇ ਰੁੱਖੇ ਨੇ ਦਿਨ
ਸਹਿਕਦਾ ਮੈਂ ਹੁੰਗਾਰਾ ਕਹਾਣੀ ਬਿਨਾਂ
ਤੇਜ਼ ਧੁੱਪਾਂ ਤੇ ਲੋਆਂ ’ਚ ਥਲ ਜਿਉਂ ਤਪੇ
ਇੰਝ ਮਨ ਤਪ ਰਿਹਾ ਮੋਹ ਦੇ ਪਾਣੀ ਬਿਨਾਂ

ਹੀਰ ਵਾਰਿਸ ਦੀ ਕਿਧਰੇ ਵੀ ਸੁਣਦੀ ਨਹੀਂ
ਸੱਦ ਮਿਰਜੇ ਦੀ ਵੀ ਰੂਹ ਝੁਣਦੀ ਨਹੀਂ
ਚੰਦਰੇ ਫ਼ਿਕਰ ਨੇ ਪਿੰਡ ਦੇ ਸਾਹ ਸੂਤ ਲਏ
ਖੂੰਢ ਖਾਲੀ ਨੇ ਯਾਰਾਂ ਦੀ ਢਾਣੀ ਬਿਨਾਂ

ਹੁਣ ਉਹ ਦੋਵੇਂ ਕਿਨਾਰੇ ਹੀ ਇਹ ਸੋਚਦੇ
ਆਪ ਨਾ ਮਿਲ ਸਕੇ ਰੇਤ ਹੀ ਮਿਲ ਪਵੇ
ਹੁਣ ਉਹ ਖੁਰਦੇ ਨੇ ਦੋਵੇਂ ਇਸੇ ਆਸ ਤੇ
ਰੌਂਸ ਸਾਗਰ ਦੇ ਵਹਿਣਾਂ ਦੀ ਜਾਣੀ ਬਿਨਾਂ

ਇੱਕ ਥਾਂ ਜੋ ਖੜ੍ਹੇ ਸੁਖ ਦਾ ਰਾਹ ਵੇਖਦੇ
ਲੋਕ ਜਿਉਂਦੇ ਜੀ ਅਪਣੇ ਸਿਵੇ ਸੇਕਦੇ
ਸੁਖ ਹਵਾ ਵਾਂਗ ਚੱਲ ਕੇ ਨਹੀਂ ਆਂਵਦਾ
ਕੁਝ ਵੀ ਲਭਦਾ ਨਹੀਂ ਖ਼ਾਕ ਛਾਣੀ ਬਿਨਾਂ

ਚੱਪਾ ਚੱਪਾ ਇਹ ਧਰਤੀ ਦਾ ਮੈਂ ਗਾਹਿਆ
ਅੰਤ ਨੂੰ ਏਸ ਗੱਲ ਤੇ ਹਾਂ ਮੈਂ ਆ ਗਿਆ
ਕੋਈ ਥਾਂ ਨਾ ਰਹੀ ਏਸ ਧਰਤੀ ਤੇ ਹੁਣ
ਉਲਝੀ ਤਾਣੀ ਬਿਨਾਂ ਗੰਧਲੇ ਪਾਣੀ ਬਿਨਾਂ

✪

ਵੇਖ ਨਾ ਇਹ ਕਿ ਚਾਨਣ ਮੇਰਾ ਜਾਂਦਾ ਹੈ ਬੇਕਾਰ
ਵੇਖ ਇਹੋ ਕਿ ਬਲ਼ਦਾ ਹਾਂ ਮੈਂ ਪੌਣਾਂ ਦੇ ਵਿਚਕਾਰ

ਖੁੱਲ੍ਹਾ ਬੂਹਾ, ਸੱਖਣਾ ਵਿਹੜਾ, ’ਡੀਕ ਰਹੇ ਕੁਝ ਚਿਹਰੇ
ਭਾਵਾਂ ਦੇ ਵਿਚ ਉਭਰਨ ਲਗਦੇ ਆਥਣ ਹੁੰਦੇ ਸਾਰ

ਡੱਬ-ਖੜੱਬੀ ਛਾਂ ਤੋਂ ਅੱਕ ਕੇ ਐਵੇਂ ਨਾ ਰੁੱਖ ਛਾਂਗੀਂ
ਹੋ ਸਕਦੈ ਉਹਦੀ ਹੀ ਛਾਂਵੇਂ ਬਹਿਣਾ ਪੈ ਜੇ ਯਾਰ

ਜੀਵਨ ਦਾ ਵੀ ਮੌਤ ਦਾ ਵੀ ਇਕੋ ਜੇਹਾ ਜਗ ਪੂਰਕ
ਕਿਧਰੇ ਫੁੱਲ ਉਗਾਉਂਦਾ ਕਿਧਰੇ ਫ਼ਲੀਂ ਧਰੇ ਅੰਗਿਆਰ

ਨਿੱਤ ਦਿਨ ਇਸ ਧਰਤੀ ਦੇ ਉੱਤੇ ਪਾਪ ਵਧੇ ਤੇ ਫੁੱਲੇ
ਸੁਣਦੇ ਹਾਂ ਕਿ ਇਸ ਧਰਤੀ ’ਤੇ ਹੋਏ ਸਨ ਅਵਤਾਰ

ਪਹਿਲੇ ਤੇ ਹੁਣ ਦੇ ਲੋਕਾਂ ਵਿਚ ਏਹੋ ਫ਼ਰਕ ਪਿਆ ਹੈ
ਪਹਿਲੇ ਸਿਰ ਉੱਤੇ ਢੋਂਦੇ ਸੀ ਹੁਣ ਮਨ ਉੱਤੇ ਭਾਰ

ਨਾ ਉਹ ਮਨ ਅੰਦਰ ਰਹਿੰਦੇ ਨੇ ਨਾ ਉਹ ਆਲ੍ਹਣਿਆਂ ਵਿਚ
ਭਾਵ ਤੇ ਬੋਟ ਦੋਹੇਂ ਉਡ ਜਾਂਦੇ ਜਦ ਹੋ ਜਾਣ ਉਡਾਰ

ਹਉਮੈ ਨੂੰ ਮਾਰੋ ਜਿਸ ਵਿੱਚੋਂ ਅਕਸਰ ਬਦੀਆਂ ਉਪਜਣ
ਖ਼ਾਬਾਂ ਦੇ ਸੋਮੇ ਨਿਰਦੋਸ਼ੇ ਮਨ ਨੂੰ ਰਹੇ ਕਿਉਂ ਮਾਰ

ਹਾਰ ਤੁਹਾਡੀ ਉਸ ਦਿਨ ਹੀ ਕੰਧਾਂ ਨੇ ਭਾਂਪ ਲਈ ਸੀ
ਕਿੱਲਿਓਂ ਲਾਹ ਕੇ ਜਦੋਂ ਤੁਰੇ ਸੀ ਜੰਗ ਲੱਗੇ ਹਥਿਆਰ

ਚਾਵਾਂ ਦੇ ਹੜ੍ਹ ਆ ਜਾਂਦੇ ਨੇ ਦਿਲ ਦਰਿਆ ਦੇ ਅੰਦਰ
ਕੁੜੀਆਂ ਦੇ ਹੱਥਾਂ ਦੇ ਉੱਤੇ ਮਹਿੰਦੀ ਲੱਗਣ ਸਾਰ

ਨਾ ਇਕ ਦਿਨ ਵਿਚ ਉਸਰਦੀ ਹੈ ਨਾ ਇਕ ਦਿਨ ਵਿਚ ਢਹਿੰਦੀ
ਹੌਲੀ-ਹੌਲੀ ਘਟਦੀ-ਵਧਦੀ ਨਫ਼ਰਤ ਦੀ ਦੀਵਾਰ

ਹਰ ਇਕ ਬੰਦੇ ਦੀ ਹੁੰਦੀ ਹੈ ਅਪਣੀ-ਅਪਣੀ ਫ਼ਿਤਰਤ
ਹਰ ਬੰਦੇ ਦਾ ਹੁੰਦਾ ਅਪਣਾ-ਅਪਣਾ ਸੰਸਾਰ

ਕਿੱਦਾਂ ਉਸ ਨੂੰ ਰਾਜਾ ਕਹੀਏ ਜੋ ਪਰਜਾ ਦੇ ਸਿਰ ’ਤੇ
ਕੱਚੇ ਸੂਤ ’ਚ ਬੰਨ੍ਹ ਕੇ ਜਿਹੜਾ ਲਟਕਾਵੇ ਤਲਵਾਰ

ਜਿਸਨੇ ਸੁੱਕਣੈ ਸੁੱਕ ਜਾਂਦਾ ਹੈ ਬਿਨ ਧੁੱਪ ਦੇ ਬਿਨ ਲੋਅ ਦੇ
ਜਿਸਨੇ ਉੱਗਣੈ ਉਗ ਪੈਂਦਾ ਹੈ ਪੱਥਰਾਂ ਦੇ ਵਿਚਕਾਰ

ਮੈਂ ਚਾਹਾਂ ਜਦ ਚੌਗਿਰਦਾ ਉਸਰੇਗਾ ਮੈਂ ਉਸਰਾਂਗਾ
ਗਲੀ 'ਚ ਵਗਦੀ 'ਵਾ ਕਹਿੰਦੀ ਹੈ ਅਪਣਾ ਆਪ ਉਸਾਰ

ਜਿੱਥੋਂ ਤੁਰਿਆ ਹੁੰਦਾ ਬੰਦਾ ਓਥੇ ਹੀ ਆ ਜਾਂਦਾ
ਘਰ ਦੀ ਨੈਂ ਵਿਚ ਠੰਡੇ ਕਰਕੇ ਹਿੱਕ ਵਿਚਲੇ ਅੰਗਿਆਰ

ਆਥਣ ਤੜਕੇ ਸੱਥਾਂ ਦੇ ਵਿਚ ਚਲਦੀ ਏਹੋ ਚਰਚਾ
ਮੌਤ ਬੜੀ ਬਲਵਾਨ ਹੈ ਬੰਦਾ ਕਾਹਦਾ ਪਾਣੀ-ਹਾਰ

ਕੀ ਹੋਇਆ ਜੇ ਸੱਤ-ਸਮੁੰਦਰੋਂ ਪਾਰ ਦਿਹਾੜੀ ਕਰੀਏ
ਪਿੰਡ ਆਇਆਂ ਨੂੰ ਪਰ ਕਹਿੰਦੇ ਨੇ ਲੋਕੀਂ ਇਹ ਸਰਦਾਰ

ਨਾਮ ਦੀਆਂ ਨਦੀਆਂ ਤੋਂ ਪੁਛਦੇ ਤਰਨ ਦੀਆਂ ਤਰਕੀਬਾਂ
ਅਪਣੇ ਹੱਥੀਂ ਆਪ ਸਿਰਜ ਕੇ ਪਾਪਾਂ ਦੀ ਮੰਝਧਾਰ

ਸੁੱਕੇ ਰੁੱਖਾਂ ਨੂੰ ਆਖਣ : ਮੌਸਮ ਦੀ ਰਜ਼ਾ 'ਚ ਰਹੀਏ
ਗੁਲਸ਼ਨ ਦੇ ਵਿਚ ਜੋ ਉੱਚੇ ਰੁੱਖ ਮਾਣੀ ਜਾਣ ਬਹਾਰ

ਰਾਹ ਵਿਚ ਆਏ ਪਰਬਤ ਅਪਣੇ-ਆਪ ਨਹੀਂ ਰਾਹ ਦਿੰਦੇ
ਹਰ ਪਲ ਹਰ ਛਿਣ ਕਰਨੇ ਪੈਂਦੇ ਰੋਜ਼ ਇਨ੍ਹਾਂ ਤੇ ਵਾਰ

ਕਦੇ-ਕਦਾਈਂ ਦਿਲ ਦਾ ਖਾਲੀਪਣ ਏਨਾ ਵਧ ਜਾਂਦਾ
ਕਬਰਾਂ ਵਰਗੇ ਲੱਗਣ ਲਗਦੇ ਸਜੇ-ਧਜੇ ਬਾਜ਼ਾਰ

ਜੱਗ ਦੇ ਕੋਝੇਪਣ ਬਾਰੇ ਤੂੰ ਜੋ ਜੀ ਆਇਆ ਆਖੀਂ
ਪਹਿਲਾਂ ਅਪਣੇ ਮਨ ਦੇ ਅੰਦਰ ਯਾਰਾ ਝਾਤੀ ਮਾਰ

ਕੇਹਾ ਤੇਰਾ ਰਾਜ ਹੈ ਰਾਜੇ, ਕੇਹਾ ਹੈ ਇਨਸਾਫ਼
ਰੋਟੀ ਤੋਂ ਵੀ ਆਤੁਰ ਹੋਈ ਦਸਾਂ ਨੌਂਹਾਂ ਦੀ ਕਾਰ

ਮਹਿਫ਼ਿਲ ਦਾ ਹਰ ਇਕ ਚਿਹਰਾ ਓਨ੍ਹਾਂ ਨੂੰ ਅਪਣਾ ਸਮਝੇ
ਐਸੇ ਸ਼ਬਦਾਂ ਦੇ ਵਿਚ ਕਰੀਏ ਆਪੇ ਦਾ ਇਜ਼ਹਾਰ

ਸਾਡੇ ਦਿਨ ਆਵਣਗੇ ਜਿੱਦੇਂ ਇਹ ਸਾਡਾ ਦਾਅਵਾ ਹੈ
ਮਿਹਨਤ ਅਤੇ ਸਚਾਈ ਦਾ ਹਰ ਬੇੜਾ ਲੱਗੂ ਪਾਰ

✪

ਕਿਸੇ ਦੀ ਯਾਦ ਅੰਦਰ ਚੈਨ ਖੋਣਾ
ਜ਼ਿਹਨ ਵਿਚ ਭਟਕਣਾ ਦਾ ਬੀਜ ਬੋਣਾ

ਹਰਿਕ ਦੀ ਜ਼ਿੰਦਗੀ ਵਿੱਚ ਹੈ ਜ਼ਰੂਰੀ
ਮਹਿਕ ਦਾ, ਨੂਰ ਦਾ ਤੇ ਛਾਂ ਦਾ ਹੋਣਾ

ਤੂੰ ਖੁੱਲ੍ਹ ਕੇ ਰੋ ਤੇਰੇ ਨੈਣਾਂ ਦਾ ਪਾਣੀ
ਕੋਈ ਮੁਸ਼ਕਿਲ ਨਹੀਂ ਥਲ ਨੂੰ ਸਮੋਣਾ

ਬੜਾ ਆਸਾਨ ਹੈ ਕੁੱਝ ਕਰਨ ਦੀ ਥਾਂ
ਇਕੱਲੇ ਬੈਠ ਕੇ ਜੱਗ ਨੂੰ ਬਗੋਣਾ

ਮੇਰੇ ਜੀਵਨ ਦੇ ਬਾਰੇ ਜਾਨਣੈ ਜੇ
ਕਿਸੇ ਖੁਰਦੇ ਕਿਨਾਰੇ ਤੇ ਖਲੋਣਾ

✪

ਅਧੂਰੀ ਬਾਤ ਨਾ ਰਹਿੰਦੀ ਹੁੰਗਾਰਾ ਜੇ ਦਿਲੋਂ ਭਰਦੇ
ਹਜ਼ਾਰਾਂ ਹਰਫ਼ ਸਾਡੇ ਚੁੱਪ ਦੀ ਸੂਲੀ ’ਤੇ ਨਾ ਚੜ੍ਹਦੇ

ਮਨਾਂ ਦੇ ਪਾਣੀਆਂ ਉਤੇ ਲਹਿਰ ਬਣ ਕੇ ਨਹੀਂ ਤਰਦੇ
ਸਫ਼ਰ ਵਿਚ ਆਦਮੀ ਜਿਹੜੇ ਕਿਸੇ ਦੀ ਬਾਂਹ ਨਹੀਂ ਫੜਦੇ

ਮਿਲਾਏਂਗਾ ਜਦੋਂ ਹੱਥ ਨਾਲ ਮੇਰੇ ਦਿਲ ਵੀ ਮਿਲ ਜਾਊ
ਹਰੇ ਬੂਟੇ ਤੇਰੇ ਖ਼ਾਬਾਂ ’ਚ ਵੀ ਅੱਗ ਨਾਲ ਜੇ ਸੜਦੇ

ਨਵੀਂ ਤਰਕੀਬ ਲੱਭਣ ਉਹ ਲਵਾਉਣਾ ਹੈ ਕਿਵੇਂ ’ਗੂਠਾ
ਕਿਤਾਬਾਂ ਵਾਂਗ ਲੋਕਾਂ ਨੂੰ ਕਦੇ ਰਾਜੇ ਨਹੀਂ ਪੜ੍ਹਦੇ

ਹਥੇਲੀ ਮਾਸ ਦੀ ਤੇਰੀ ਖੜ੍ਹੇਗਾ ਕੌਣ ਇਸ ਉੱਤੇ
ਕਦੇ ਜੇ ਸੋਨੇ ਦੀ ਹੁੰਦੀ ਹਜ਼ਾਰਾਂ ਲੋਕ ਆ ਖੜ੍ਹਦੇ

ਕਿਵੇਂ ਮੈਂ ਬਾਤ ਪਾਵਾਂ ਚੰਨ ਦੀ ਮੁਸ਼ਕਿਲ ਬੜੀ ਮੈਨੂੰ
ਮੇਰੇ ਨਿੱਕੇ ਜਿਹੇ ਅੰਬਰ ’ਤੇ ਤਾਰੇ ਵੀ ਨਹੀਂ ਚੜ੍ਹਦੇ

ਜਦੋਂ ਤੋਂ ਢਾਲ਼ਿਆ ਮੈਂ ਆਇਨੇ ਵਿਚ ਹੋਂਦ ਅਪਣੀ ਨੂੰ
ਮੇਰੇ ਸਾਏ ਵੀ ਮੇਰੇ ਸਾਹਮਣੇ ਆ ਕੇ ਨਹੀਂ ਖੜ੍ਹਦੇ

ਸਮੇਂ ਦੇ ਰੰਗ ਹੁੰਦੇ ਨੇ ਸਮੇਂ ਦੇ ਰਾਗ ਹੁੰਦੇ ਨੇ
ਬੁਰੇ ਲਗਦੇ ਨੇ ਸਿਵਿਆਂ ਕੋਲ ਬੰਦੇ ਤਿਤਲੀਆਂ ਫੜਦੇ

ਕਹੇਂਗਾ ਰਾਤ ਨੂੰ ਜੇ ਦਿਨ ਘਟਾਏਂਗਾ ਵਜ਼ਨ ਅਪਣਾ
ਸਹੀ ਗੱਲ ’ਤੇ ਨਹੀਂ ਪੈਂਦੇ ਕਦੇ ਵੀ ‘ਬੂਟਿਆ’ ਪਰਦੇ

✪

ਹਰ ਚੜ੍ਹਦੇ ਦਿਨ ਆਲਾ-ਦੁਆਲਾ ਨੀਵਾਂ ਹੋਈ ਜਾਂਦਾ
ਹੋਰ ਨਵਾਂ ਕੀ ਹੱਥ ਲੱਗਣਾ ਸੀ ਪਹਿਲਾ ਖੋਈ ਜਾਂਦਾ

ਚਾਰ-ਦੀਵਾਰੀ ਤੋਂ ਬਾਹਰ ਨਾ ਮਹਿਕ ਉਨ੍ਹਾਂ ਦੀ ਜਾਵੇ
ਘਰ-ਘਰ ਦੇ ਵਿਚ ਬੀਜ਼ ਅਜੇਹੇ ਮੌਸਮ ਬੋਈ ਜਾਂਦਾ

ਕੋਈ-ਕੋਈ ਫੁੱਲ ਤਰ ਕੇ ਹੀ ਤਣ-ਪੱਤਣ ਹੈ ਲਗਦਾ
ਖ਼ੌਰੇ ਸਾਡੇ ਮਨ ਦਾ ਪਾਣੀ ਕੇਹਾ ਹੋਈ ਜਾਂਦਾ

ਵਾਟ ਲੰਮੇਰੀ ਪੈਰੀਂ ਲੱਗੂ ਕੀ ਆਵਣ ਵਾਲੇ ਦੇ
ਬੂਹੇ ਖੜ੍ਹ ਕੇ ’ਡੀਕਣ ਵਾਲਾ ਬੂਹਾ ਢੋਈ ਜਾਂਦਾ

ਮੇਰੇ ਵਾਂਗੂੰ ਸਭ ਨੂੰ ਸ਼ਾਇਦ ਚੁਭਦਾ ਹੋਵੇਗਾ ਇਹ
ਅੰਬਰ ’ਤੇ ਇਕ ਕਾਲਾ ਬੱਦਲ ਚੰਨ ਲੁਕੋਈ ਜਾਂਦਾ

ਨਜ਼ਮਾਂ ਪੜ੍ਹ ਕੇ ਕੋਈ ਵੀ ਨਾ ਹੰਝੂ ਪੂੰਝਣ ਆਇਆ
ਸ਼ਾਇਰ ਵਿਚਾਰਾ ਨਜ਼ਮਾਂ ਦੇ ਵਿਚ ਕਦ ਤੱਕ ਰੋਈ ਜਾਂਦਾ

ਕਿਹੜਾ ਸਾਡੇ ਸਿਰ ਦਾ ਸਾਈਂ ਕਿਹੜਾ ਬਾਲੀ-ਵਾਰਿਸ
ਜੋ ਕੁਝ ਏਥੇ ਨਾ ਹੋਣਾ ਸੀ ਉਹ ਵੀ ਹੋਈ ਜਾਂਦਾ

ਅਪਣੀ-ਅਪਣੀ ਹੋਣੀ ਹੁੰਦੀ ਹਰ ਬੰਦੇ ਦੀ ਬੂਟੇ
ਕਿਹੜੀ ਗੱਲੋਂ ਇਕ ਦੂਜੇ ਨੂੰ ਜੱਗ ਵਗੋਈ ਜਾਂਦਾ

✪

ਤੂੰ ਮੇਰੇ ਕੋਲ ਹੀ ਸੀ ਦੂਰ ਨੀ ਸੀ
ਤੇਰੀ ਅੱਖ ਦਾ ਹੀ ਮੇਰਾ ਨੂਰ ਨੀ ਸੀ

ਮੈਂ ਤੈਨੂੰ ਸਮਝਦਾ ਵੀ ਸਾਂਭਦਾ ਵੀ
ਸਮੇਂ ਨੂੰ ਸ਼ਾਇਦ ਇਹ ਮਨਜ਼ੂਰ ਨੀ ਸੀ

ਲਗਾਵੇ ਬਿਰਖ਼ ਜਿਹੜਾ ਛਾਂ ਉਸੇ ਦੀ
ਤੁਹਾਡੇ ਸ਼ਹਿਰ ਦਾ ਦਸਤੂਰ ਨੀ ਸੀ

ਬਹਾਰਾਂ ਆਉਣੀਆਂ ਤੇ ਜਾਣੀਆਂ ਸੀ
ਤੇਰੇ 'ਬੂਟੇ' ਨੂੰ ਪੈਣਾ ਬੂਰ ਨੀ ਸੀ

✪

ਦਿਲ ਦੀ ਹਸਰਤ ਦਾ ਦਿਲ ਅੰਦਰ ਰਹਿ ਜਾਣਾ
ਨੈਣਾਂ ਦੇ ਵਿਚ ਇਕ ਸਮੁੰਦਰ ਲਹਿ ਜਾਣਾ

ਅੱਖਾਂ ਦੀ ਵੀ ਅਪਣੀ ਬੋਲੀ ਹੁੰਦੀ ਹੈ
ਕੁਝ ਨਾ ਕਹਿਣਾ ਸਾਰਾ ਕੁਝ ਹੀ ਕਹਿ ਜਾਣਾ

ਅੱਖ ਚੁਰਾ ਕੇ ਆਵਣ ਦਾ ਨਾ ਵਾਅਦਾ ਕਰ
ਵਸਣੋ ਪਹਿਲਾਂ ਕੱਚੇ ਘਰ ਨੇ ਢਹਿ ਜਾਣਾ

ਉਲਟ ਹਵਾ ਵਿਚ ਸੂਰਜ ਵਰਗਾ ਹੁੰਦਾ ਹੈ
ਆਸ ਦਾ ਇਕ ਦੀਵਾ ਵੀ ਜਗਦਾ ਰਹਿ ਜਾਣਾ

ਮੈਂ ਜਾਵਾਂਗਾ ਹੋਰ ਬੜੇ ਆ ਜਾਵਣਗੇ
ਪੈਂਡਾ ਮੈਥੋਂ ਵੀ ਅਣਕਰਿਆ ਰਹਿ ਜਾਣਾ

ਛਾਂ ਸੰਘਣੀ ਕਰ ਅਪਣੀ 'ਬੂਟੇ' ਹੋਰ ਜ਼ਰਾ
ਗ਼ੈਰਾਂ ਨੇ ਵੀ ਹੇਠਾਂ ਆ ਕੇ ਬਹਿ ਜਾਣਾ

✪

ਵਜ਼ਨ ਕੀਹਦੇ ’ਚ ਕਿੰਨਾ ਰਾਜ਼ ਮੈਂ ਇਹ ਖੋਲ੍ਹਣਾ ਹੋਇਆ
ਮੇਰੀ ਅੱਖ ਵਿਚ ਤਰਾਜ਼ੂ ਕਰਮ ਜਿਸਦਾ ਤੋਲਣਾ ਹੋਇਆ

ਦਿਨੋ ਦਿਨ ਘਟ ਰਹੇ ਨੇ ਜੱਗ ਦੇ ਆਲਮ ’ਚੋਂ ਲਿਸ਼ਕਾਰੇ
ਹਵਾਵਾਂ ਦਾ ਸੁਭਾਅ ਹੀ ਹੀਰਿਆਂ ਨੂੰ ਰੋਲਣਾ ਹੋਇਆ

ਘਰੋ-ਘਰ ਜਾਣ ਦੀ ਕੀ ਲੋੜ ਹੈ ਤੂੰ ਪੜ੍ਹ ਲਵੀਂ ਮੈਨੂੰ
ਜ਼ਮਾਨੇ ਨਾਲ ਦੁਖ-ਸੁਖ ਆਪਣਾ ਜੇ ਫੋਲਣਾ ਹੋਇਆ

ਬੜੇ ਖੰਡਰਾਤ ਦਿਸਣੇ ਜਿਨ੍ਹਾਂ ਵਿਚ ਜੀਵਨ ਨਹੀਂ ਹੋਣਾ
ਮੇਰੇ ਵੱਲ ਖੁਲ੍ਹਦਾ ਬੂਹਾ ਖੋਲ੍ਹ ਲਈਂ ਜੇ ਖੋਲ੍ਹਣਾ ਹੋਇਆ

ਨਿਹੱਥੇ ਹੋਣਗੇ ਕੰਡੇ ਕੁਦਰਤੇ ਵੇਖ ਲਈਂ ਉਸ ਪਲ
ਮੇਰੇ ‘ਬੂਟੇ’ ਦੇ ਫੁੱਲਾਂ ਨੇ ਜਦੋਂ ਮੂੰਹ ਖੋਲ੍ਹਣਾ ਹੋਇਆ

✪

ਵਕਤ ਦੀ ਦੀਵਾਰ ਉਤੇ ਲਟਕਦੀ ਤਸਵੀਰ ਹੋ
ਸੁਕਦਿਆਂ ਫੁੱਲਾਂ ਦੀ ਖ਼ਾਤਿਰ ਅੱਗ ਨਾ ਹੋ ਨੀਰ ਹੋ

ਵਗਦੇ ਪਾਣੀ, ਉੱਚਾ ਅੰਬਰ ਤੇ ਸਮੁੰਦਰ ਆਖਦੇ
ਤੁਰ ਨਿਰੰਤਰ ਸੋਚ ਉੱਚਾ ਗਹਿਰਾ ਹੋ ਗੰਭੀਰ ਹੋ

ਅੰਤ ਹੋ ਜਾਏ ਨਾ ਤੇਰਾ ਸਰਦੀਆਂ ਦੀ ਛਾਂ ਜਿਹਾ
ਆਪਣੇ ਪੈਰਾਂ ਦੀ ਖ਼ਾਤਿਰ ਆਪ ਨਾ ਜ਼ੰਜੀਰ ਹੋ

ਜ਼ਿੰਦਗੀ ਦੇ ਰੰਗਲੇ ਪਲ ਭੁੱਲਣੇ ਔਖੇ ਬੜੇ
ਕਿਸ ਤਰ੍ਹਾਂ ਫੁੱਲਾਂ ਦੀ ਖ਼ਾਤਰ ਜਾਵਾਂ ਮੈਂ ਸਮਸ਼ੀਰ ਹੋ

ਮੀਲ-ਪੱਥਰ ਵੀ ਤੇਰੇ ਬਣ ਜਾਣੇ ਪੈਰਾਂ ਦੇ ਨਿਸ਼ਾਨ
ਉਲਝਣਾ ਵਿਚ ਉਲਝ ਨਾ ਤੂੰ ਸੁਲਝਿਆ ਰਾਹਗੀਰ ਹੋ

✪

ਗੰਧਲੇ ਪਾਣੀ ਤੋਂ ਜੋ ਪਾਣੀ ਨਿੱਖੜਦਾ
ਵਗਦਾ-ਵਗਦਾ ਹੌਲੀ-ਹੌਲੀ ਨਿੱਤਰਦਾ

ਜੁੱਗੜੇ ਬੀਤ ਗਏ ਨੇ ਆ ਕੇ ਦੱਸ ਕਦੇ
ਬਣਿਆ ਕੀ ਉਸ ਜਜ਼ਬੇ ਪਾਕ ਪਵਿੱਤਰ ਦਾ

ਰੂਹ ਤੋਂ ਰੂਹ ਤੱਕ ਦਾ ਜੇ ਰਿਸ਼ਤਾ ਟੁੱਟੇ ਨਾ
ਵਿੱਛੜ ਕੇ ਵੀ ਕੌਣ ਕਿਸੇ ਤੋਂ ਵਿੱਛੜਦਾ

ਤਾਂ ਹੀ ਕੋਈ ਪੁਲ਼ ਦੀ ਜੂਨੀ ਪੈਂਦਾ ਨੀ
ਲੰਘਣ ਪਿੱਛੋਂ ਲੋਕਾਂ ਨੂੰ ਪੁਲ਼ ਵਿੱਸਰਦਾ

ਮਿੱਟੀ ਸੋਨੇ ਨੂੰ ਇਕ ਕਰਕੇ ਜਾਣੇ ਜੋ
ਟਾਵੀਂ-ਟਾਵੀਂ ਕੁੱਖੋਂ ਹੀਰਾ ਨਿੱਕਲਦਾ

ਤਾਂ ਹੀ ਸ਼ਾਇਦ ਜੱਗ ਨੂੰ ਮੇਲਾ ਕਹਿੰਦੇ ਹਾਂ
ਕੋਈ ਕਿਸੇ ਨੂੰ ਮਿਲਦਾ ਕੋਈ ਵਿੱਛੜਦਾ

ਸੱਧਰਾਂ ਕਤਲ ਕਰਾ ਕੇ ਸ਼ਾਇਰ ਬਣਦੇ ਨੇ
ਸੂਲ਼ਾਂ ਦੇ ਰਣ ਕੋਈ-ਕੋਈ ਨਿੱਤਰਦਾ

✪

ਵੇਖਕੇ ਗੁਜ਼ਰੇ ਹਰ ਨਜ਼ਰ ਨੀਵੀਂ
ਹੋਵੇ ਨਾ ਸ਼ਾਖ਼ ਇਸ ਕਦਰ ਨੀਵੀਂ

ਵਿਚ-ਵਿਚਾਲੇ ਦਾ ਤੂੰ ਪੜਾਅ ਬਣ ਜਾ
ਪੈਰ ਉੱਚੇ ਨੇ ਪਰ ਡਗਰ ਨੀਵੀਂ

ਆਦਮੀ ਦੂਰ ਤੱਕ ਨਾ ਵੇਖ ਸਕੇ
ਏਨੀ ਵੀ ਹੋਵੇ ਨਾ ਨਜ਼ਰ ਨੀਵੀਂ

ਫੁੱਲ ਲੱਗਣ ਦੇ ਬਾਅਦ ਹੋ ਜਾਂਦੀ
ਆਪਣੇ-ਆਪ ਹੀ ਲਗਰ ਨੀਵੀਂ

✪

ਲੱਭਿਆ ਨਾ ਮੈਨੂੰ ਉਹ ਅਜੇ ਏਹੋ ਮਲਾਲ ਹੈ
ਬੰਦੇ ’ਚੋਂ ਬੰਦਾ ਗੁਆਚ ਗਿਆ ਉਸਦੀ ਭਾਲ਼ ਹੈ

ਮੁੱਦਤ ਦਾ ਭਾਵੇਂ ਮੇਰਾ ਉਹ ਜ਼ਖ਼ਮੀ ਖ਼ਿਆਲ ਹੈ
ਛਾਂ ਵਾਂਗ ਰਹਿੰਦਾ ਫੇਰ ਵੀ ਉਹ ਨਾਲ ਨਾਲ ਹੈ

ਖ਼ੌਰੇ ਉਹ ਮੇਰੇ ਪੁਰਵਜ਼ੇ ਖ਼ੌਰੇ ਅਧੂਰੇ ਖ਼ਾਬ
ਸੁਪਨੇ ’ਚ ਦਿਸਦੀ ਸੁੱਕਿਆਂ ਰੁੱਖਾਂ ਦੀ ਪਾਲ਼ ਹੈ

ਬਾਹਰੋਂ ਖਲੋ ਕੇ ਵੇਖੀਏ ਉੱਚੇ ਨੇ ਬਹੁਤ ਘਰ
ਪੈਸੇ ਦੇ ਰੁੜ੍ਹਨ ਵਾਸਤੇ ਘਰ-ਘਰ ’ਚ ਢਾਲ਼ ਹੈ

ਜਿੰਦਾਂ ਦੇ ਵਣਜ ਹੋ ਰਹੇ ਅੱਜ ਕੱਲ੍ਹ ਹਰੇਕ ਥਾਂ
ਉਸਤੋਂ ਹੈ ਲਗਦਾ ਹੱਕ ਕੀ ਤੇ ਕੀ ਹਲਾਲ ਹੈ

ਜਜ਼ਬੇ ਨਾ ਪੱਕੇ ਰੰਗਦਾ ਕੋਈ ਕਿਸੇ ਦੇ ਹੁਣ
ਹਾਸੇ, ਸਲਾਮ, ਅਲਵਿਦਾ ਸਭ ਕੁਝ ਗੁਲਾਲ ਹੈ

‘ਬੂਟੇ’ ਦੇ ਕੋਲ ਕਰਨ ਕੀ ਆਵੇਗਾ ਕੋਈ ਹੁਣ
ਕੰਡਿਆਂ ਦੇ ਨਾਲ ਭਰ ਗਈ ਹਰ ਡਾਲ-ਡਾਲ ਹੈ

✪

ਮਿੱਤ ਨਾ ਹੁੰਦੇ ਪਾਣੀ ਵਹਿੰਦੇ
ਖੁਰਦੇ ਖੁਰਦੇ ਕੰਢੇ ਕਹਿੰਦੇ

ਟਾਵੇਂ ਟਾਵੇਂ ਬੰਦੇ ਹੁੰਦੇ
ਦਿਲ ਵਿਚ ਜੋ ਆਵੇ ਗੱਲ ਕਹਿੰਦੇ

ਕਤਰੇ ਵੀ ਦਰਿਆ ਬਣ ਜਾਂਦੇ
ਪੀੜ ਪਰਾਈ ਸਹਿੰਦੇ-ਸਹਿੰਦੇ

ਕਿਧਰੇ ਵੀ ਨਾ ਆਉਂਦੇ ਜਾਂਦੇ
ਜੋ ਅਪਣੇ ਹੀ ਘਰ ਵਿਚ ਰਹਿੰਦੇ

ਪੰਛੀ ਆਖ਼ਿਰ ਭੁੱਲ ਜਾਂਦੇ ਨੇ
ਜਿਨ੍ਹਾਂ ਸ਼ਾਖ਼ਾਵਾਂ ’ਤੇ ਬਹਿੰਦੇ